ੴ

ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ


ਅੰਮ੍ਰਿਤਸਰ

AUG 1992

ਅਗਸਤ ੧੯੯੨




ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ (ਗੁਰਦੁਆਰਾ ਰਾਮਸਰ ਸਾਹਿਬ) ਅੰਮ੍ਰਿਤਸਰ

ਪ੍ਰਕਾਸ਼ ਗੁਰਪੁਰਬ ਸਮੇਂ ਇਸ ਅਸਥਾਨ ਤੋਂ ਮਹਾਰਾਜ ਦੀ ਸਵਾਰੀ ਭਾਰੀ ਰੌਣਕਾਂ ਨਾਲ ਹਰਿਮੰਦਰ ਸਾਹਿਬ ਲਿਜਾਈ ਜਾਂਦੀ ਹੈ ।

www.AKJ.Org

# ਤਤਕਰਾ


| | | |
|---|---|---|
| ਸੋ ਭਾਦੁਇ ਨਰਕਿ ਨ ਪਾਈਅਹਿ | ੩ | ਬਾਰਹਮਾਹਾ ਮਾਂਝ ਮਹਲਾ ੫ |
| –ਅਰਥ ਵਿਆਖਿਆ | ੪ | — — — |
| 'ਸਚੁ' ਦੀ ਵਿਆਖਿਆ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ | ੧੩ | " " " |
| ਗੁਰੂ - ਬਾਣੀ | ੧੫ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਦੇਹਧਾਰੀ ਗੁਰੂ ਤੇ ਸ਼ਬਦ ਗੁਰੂ | ੧੭ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸੋਈ ਗੁਰਮੁਖਿ ਪਿਆਰੇ ਮੇਲਿ (੧੧) | ੨੧ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਚੜ੍ਹਦੀ ਕਲਾ ਕਿਵੇਂ ਹੋਵੇ ? | ੨੪ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ | ੨੬ | 'ਸੂਰਾ' ਪਰਵਾਰ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੭) | ੨੯ | — — |
| ਵਿਸਾਖੀ ਦਾ ਟੀਚਾ | ੩੨ | ਗਿ: ਗੋਪਾਲ ਸਿੰਘ ਜੀ ਮਿੱਤਰ |
| 'ਸੰਤ' ਪਦ ਬਾਰੇ ਵਿਚਾਰ | ੩੩ | ਸ: ਮਦਨ ਸਿੰਘ ਜੀ ਯੂ. ਕੇ. |
| ਜਿਨ੍ਹਾਂ ਵੇਖ ਕੇ ਅਣਡਿੱਠ ਕੀਤਾ | ੩੬ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸ਼ਕਤੀ ਸ਼ਬਦ ਦੀ (ਕਵਿਤਾ) | ੩੮ | ਸ: ਅਤਰ ਸਿੰਘ ਜੀ ਨੀਰ |
| ਸਭ ਦਾ ਸਾਂਝਾ ਗੁਰੂ | ੩੯ | ਭਾਈ ਨਰੈਣ ਸਿੰਘ ਜੀ ਐਮ.ਏ. |
| ਕਾਚੇ ਗੁਰ ਤੇ ਮੁਕਤਿ ਨ ਹੂਆ | ੪੩ | ਭਾਈ ਰਾਮ ਸਿੰਘ ਜੀ ਯੂ.ਕੇ. |
| ਖਾਲਸਈ ਰਹਿਤ ਆਦਰਸ਼ ਬਣੇਗੀ | ੪੪ | 'ਸਾਡਾ ਵਿਰਸਾ ਸਾਡਾ ਗੌਰਵ' |
| ਭੂਰਿਆਂ ਵਾਲੇ ਰਾਜੇ ਕੀਤੇ (੨੯) | ੪੫ | ਕੈਪਟਿਨ ਸਵਰਨ ਸਿੰਘ ਜੀ |


ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ ੨੮ ਅਗਸਤ

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ੨੯ ਅਗਸਤ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ੩੦ ਅਗਸਤ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16–ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਨੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਫਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫–ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ–੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ. ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਬਠਿੰਡਾ, ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੧੧. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੨. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ–ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆ...


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੮.੯੨ ਨੂੰ ਪ੍ਰਕਾਸ਼ਤ ਕੀਤਾ।



www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ) ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

**Foreign Subscription**

| | |
|---|---|
| Sea Mail | 80-00 |
| Air Mail | 250-00 |

**ਅਮਾਨਤੀ ਲਾਈਫ਼ ਮੈਂਬਰ**

| | |
|---|---|
| ਦੇਸ | ੨੫੦-੦੦ |

**ਪਰਦੇਸ (ਸਾਰੇ)**

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੬ ਅਗਸਤ ੧੯੯੨ ਅੰਕ ੮


# ਸੇ ਭਾਦੁਇ ਨਰਕਿ ਨ ਪਾਈਅਹਿ

ਭਾਦੁਇ ਭਰਮਿ ਭੁਲਾਣੀਐ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ ॥੭॥

[ਬਾਰਹਮਾਹਾ ਮਾਂਝ ਮਹਲਾ ੫



www.AKJ.Org

# ਭਾਦੁਇ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ :** ਭਾਦੁਇ—ਭਾਦਰੋਂ ਮਹੀਨੇ ਵਿਚ। ਭਰਮਿ—ਭਰਮ ਵਿਚ। ਭੁਲਾਣੀਆ-ਭੁਲੀ ਹੋਈ ਹੈ। ਦੂਜੈ—ਕਿਸੇ ਹੋਰ ਵਿਚ। ਹੇਤੁ—ਪਿਆਰ। ਕਾਰਜਿ ਕੇਤੁ—ਕਿਸੇ ਕੰਮ ਨਹੀਂ, ਕਿਸੇ ਲੇਖੇ ਨਹੀਂ। ਜਿਤੁ ਦਿਨਿ—ਜਿਸ ਦਿਨ ਵਿਚ। ਦੇਹ—ਦੇਹੀ, ਸਰੀਰ। ਬਿਨਸਸੀ—ਨਾਸ ਹੋਏਗੀ। ਤਿਤੁ ਵੇਲੈ—ਉਸ ਵਕਤ। ਕਹਸਨਿ—ਆਖਣਗੇ। ਪ੍ਰੇਤੁ—ਭੂਤ ਪ੍ਰੇਤ। ਪਕੜਿ ਚਲਾਇਨਿ—ਪਕੜ ਕੇ ਤੋਰਦੇ ਹਨ। ਖਿਨੈ ਮਾਹਿ—ਖਿਨ ਵਿਚ। ਹੇਤੁ—ਪਿਆਰ। ਹਥੁ ਮਰੜੇ—ਪਛਤਾਉਂਦਾ ਹੈ। ਤਨੁ ਕਪੈ—ਸਰੀਰ ਕੰਬਦਾ ਹੈ। ਸਿਆਹਹੁ ਹੋਆ ਸੇਤੁ—ਕਾਲੇ ਤੋਂ ਚਿੱਟਾ ਹੁੰਦਾ ਹੈ, ਇਕ ਰੰਗ ਆਂਦਾ ਹੈ ਇਕ ਜਾਂਦਾ ਹੈ। ਜੇਹਾ ਬੀਜੈ-ਜਿਹਾ ਬੀਜਦਾ ਹੈ, ਕਰਮ ਕਮਾਂਦਾ ਹੈ। ਲੁਣੈ—ਵਢਦਾ ਹੈ, ਭੁਗਤਦਾ ਹੈ। ਸੰਦੜਾ—ਦਾ। ਸਰਣਾਗਤੀ—ਸ਼ਰਨ ਵਿਚ। ਬੋਹਿਥ—ਜਹਾਜ਼। ਨਰਕਿ—ਨਰਕ ਵਿਚ। ਨ ਪਾਈਅਹਿ—ਨਹੀਂ ਪਾਏ ਜਾਂਦੇ। ਹੇਤੁ—ਹਿਤੂ।

**ਅਰਥ :** ਭਾਦਰੋਂ ਮਹੀਨੇ ਵਿਚ ਜੋ ਜੀਵ-ਇਸਤ੍ਰੀ ਭਰਮ ਵਿਚ ਪੈ ਕੇ (ਜੀਵਨ ਦੇ ਸਹੀ ਰਾਹ ਤੋਂ) ਭੁਲੀ ਹੋਈ ਹੈ, ਉਸ ਦਾ ਪਿਆਰ (ਪ੍ਰਭੂ ਨੂੰ ਛਡ ਕੇ) ਕਿਸੇ ਹੋਰ ਨਾਲ ਲੱਗ ਜਾਂਦਾ ਹੈ, ਫਿਰ ਉਹ ਭਾਵੇਂ ਲੱਖਾਂ ਹਾਰ ਸ਼ਿੰਗਾਰ ਅਤੇ ਵੇਸ ਕਰਦੀ ਫਿਰੇ, ਉਹ ਕਿਸੇ ਲੇਖੇ ਨਹੀਂ।

ਜਿਸ ਦਿਨ ਦੇਹੀ ਬਿਨਸ ਜਾਏਗੀ ਉਸ ਵੇਲੇ (ਸਾਰੇ ਹੀ) ਭੂਤ-ਪ੍ਰੇਤ ਆਖਣਗੇ। ਓਦੋਂ ਜਮਦੂਤ ਪਕੜ ਕੇ ਅੱਗੇ ਲਾ ਲੈਣਗੇ ਅਤੇ ਕਿਸੇ ਨੂੰ ਕੋਈ ਭੇਤ ਨਹੀਂ ਦੇਣਗੇ (ਕਿ ਉਹ ਉਸ ਨੂੰ ਕਿਥੇ ਲਿਜਾ ਰਹੇ ਹਨ)।

ਜਿਨ੍ਹਾਂ (ਸਾਕਾਂ ਅੰਗਾਂ) ਨਾਲ ਪਿਆਰ ਪਾਇਆ ਹੁੰਦਾ ਹੈ ਉਹ ਇਕ ਖਿਨ ਵਿਚ ਸਾਥ ਛਡ ਦੇਂਦੇ ਹਨ। (ਜਮਦੂਤਾਂ ਨੂੰ ਆਇਆ ਵੇਖ ਕੇ ਪ੍ਰਾਣੀ) ਪਛਤਾਉਂਦਾ ਹੈ, ਸਰੀਰ ਕੰਬਦਾ ਹੈ, ਕਾਲਿਓਂ ਚਿੱਟਾ ਹੁੰਦਾ ਹੈ, ਭਾਵ, ਇਕ ਰੰਗ ਆਂਦਾ ਹੈ ਇਕ ਜਾਂਦਾ ਹੈ।

ਇਹ (ਮਨੁਖਾ ਜਨਮ) ਕਰਮਾਂ ਦਾ ਖੇਤ ਹੈ. ਇਸ ਵਿਚ ਮਨੁਖ ਜੋ (ਕਰਮ) ਬੀਜਦਾ ਹੈ ਓਹੀ ਵਢਦਾ ਹੈ।

ਨਾਨਕ ! ਜੋ ਪ੍ਰਭੂ ਦੀ ਸ਼ਰਨ ਵਿਚ ਪੈਂਦੇ ਹਨ, ਉਨ੍ਹਾਂ ਨੂੰ ਸਤਿਗੁਰੂ ਪ੍ਰਭੂ ਦੇ ਚਰਨਾਂ ਰੂਪੀ ਜਹਾਜ਼ ਤੇ ਚੜ੍ਹਾ ਦੇਂਦਾ ਹੈ। ਉਹ ਭਾਦਰੋਂ ਮਹੀਨੇ ਵਿਚ (ਦਿਤੇ ਉਪਦੇਸ਼ ਦੁਆਰਾ) ਨਰਕ ਵਿਚ ਨਹੀਂ ਪਾਏ ਜਾਂਦੇ, ਸਤਿਗੁਰੂ ਉਨ੍ਹਾਂ ਦਾ ਹਿਤੂ (ਪਿਆਰਾ) ਰਖਵਾਲਾ ਹੁੰਦਾ ਹੈ।

**ਵਿਆਖਿਆ :** ਇਹ ਮਨੁਖਾ ਜਨਮ ਪ੍ਰਭੂ ਨਾਲ ਪਿਆਰ ਕਰਨ ਲਈ, ਉਸ ਦਾ ਨਾਮ ਜਪਣ ਲਈ ਅਤੇ ਨਾਮ-ਜਾਪ ਦੀ ਕਮਾਈ ਕਰ ਕੇ ਪ੍ਰਭੂ-ਪਰਮਾਤਮਾ ਨਾਲ ਇਕ-ਮਿਕ ਹੋਣ ਲਈ ਮਿਲਿਆ ਹੈ। ਪਰ ਜੀਵ-ਇਸਤ੍ਰੀ ਭਰਮ-ਭੁਲੇਖੇ ਵਿਚ ਭੁਲ ਜਾਂਦੀ ਹੈ, ਪ੍ਰਭੂ ਨਾਲ ਪਿਆਰ ਪਾਉਣ ਦੀ ਥਾਂ ਦੂਜੇ ਭਾਵ ਵਿਚ, ਭਾਵ, ਮਾਇਆ ਵਿਚ, ਸੰਸਾਰਕ ਸਨਬੰਧੀਆਂ ਵਿਚ ਮੋਹ ਪਾ ਲੈਂਦੀ ਹੈ। ਪ੍ਰਭੂ-ਪਿਆਰ ਤੋਂ ਸਖਣੀ ਜੀਵ-ਇਸਤ੍ਰੀ ਆਪਣੇ ਪਤੀ-ਪਰਮਾਤਮਾ ਨੂੰ ਰੀਝਾਉਣ ਲਈ ਬਾਹਰਮੁਖੀ ਕਈ ਤਰ੍ਹਾਂ ਦੇ ਹਾਰ ਸ਼ਿੰਗਾਰ ਲਾਉਂਦੀ ਹੈ, ਉਸ ਨੂੰ ਮੋਹਣ ਵਾਲੇ ਪਹਿਰਾਵੇ ਪਹਿਨਦੀ ਹੈ, ਜੋ ਸੱਚੇ ਪਿਆਰ ਤੋਂ ਬਿਨਾਂ ਨਿਰਾ ਪਖੰਡ ਹਨ। ਇਹ ਪਹਿਰਾਵੇ ਤੇ ਹਾਰ ਸ਼ਿੰਗਾਰ ਤਦੇ ਹੀ ਲੇਖੇ ਹਨ ਜੇ ਵਾਹਿਗੁਰੂ ਪਤੀ ਨੂੰ ਹਿਤੋਂ ਚਿਤੋਂ ਪਿਆਰ ਕਰੇ ਅਤੇ ਦੂਜੇ ਭਾਵ ਵਿਚ, ਸੰਸਾਰੀ ਮੋਹ ਵਿਚ ਲਿਪਾਇਮਾਨ ਨਾ ਹੋਵੇ। ਵਾਹਿਗੁਰੂ ਜੀ ਨਾਲ ਸੱਚੀ ਪ੍ਰੀਤ ਪਾਏ ਬਿਨਾਂ ਇਹ ਪਹਿਰਾਵੇ ਤੇ ਹਾਰ ਸ਼ਿੰਗਾਰ ਲਗਾਣੇ ਕਿਸੇ ਲੇਖੇ ਨਹੀਂ।

ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ, ਦਰਗਹ ਝੂਠੁ ਖੁਆਰੁ ॥੧॥ ਰਹਾਉ॥੧੩॥ (ਪੰਨਾ ੧੯)

ਜੀਵ ਜਿਨ੍ਹਾਂ ਸਾਕਾਂ ਸਨਬੰਧੀਆਂ ਵਿਚ ਮੋਹ ਪਾਂਦਾ ਹੈ, ਜਿਨ੍ਹਾਂ ਦੀ ਖ਼ਾਤਰ ਸਾਰੀ ਉਮਰ ਧੰਧੇ ਪਿਟਦਾ ਤੇ ਪਾਪ-ਕਰਮ ਕਮਾਂਦਾ ਹੈ, ਉਹ ਸਾਰੇ ਸਾਕ ਸਨਬੰਧੀ ਪ੍ਰਾਣੀ ਦੇ ਸੁਆਸ ਨਿਕਲਣ ਤੇ, ਉਸਦੀ ਦੇਹੀ ਨੂੰ ਭੂਤ-ਪ੍ਰੇਤ



www.AKJ.Org

ਕਹਿੰਦੇ ਹਨ ਅਤੇ ਸਾਰੇ ਇਕ ਖਿਨ ਵਿਚ ਹੀ ਉਸ ਨੂੰ ਛਡ ਖੜੋਂਦੇ ਹਨ। ਇਸੇ ਭੇਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਵਿਚ ਇਉਂ ਨਿਰਣਾਉਂਦੇ ਹਨ—

ਤਨ ਤੇ ਪ੍ਰਾਨ ਹੋਤ ਜਬ ਨਿਆਰੇ, ਟੇਰਤ ਪ੍ਰੇਤ ਪੁਕਾਰਿ॥
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥੧॥੨॥ [ਦੇਵਗੰਧਾਰੀ, ਪੰਨਾ ਪ੩੬

ਇਥੋਂ ਤਕ ਕਿ—ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ, ਸਦਾ ਰਹਤ ਸੰਗਿ ਲਾਗੀ॥
ਜਬ ਹੀ ਹੰਸਿ ਤਜੀ ਇਹ ਕਾਂਇਆ, ਪ੍ਰੇਤ ਪ੍ਰੇਤ ਕਰਿ ਭਾਗੀ॥੨॥੧੨॥ [ਸੋਰਠਿ, ਪੰਨਾ ੬੩੪

ਪ੍ਰਾਣੀ ਓਦੋਂ ਮਰਨ ਸਮੇਂ ਪਛਤਾਵੇ ਵਿਚ ਹੱਥ ਮਲਦਾ ਹੈ, ਕਾਲਿਓਂ ਚਿੱਟਾ ਪਿਆ ਹੁੰਦਾ ਹੈ, ਇਕ ਰੰਗ ਆਂਦਾ ਹੈ ਇਕ ਜਾਂਦਾ ਹੈ। ਇਸੇ ਕਰਕੇ ਗੁਰੂ ਅਮਰਦਾਸ ਜੀ ਪ੍ਰਾਣੀ ਨੂੰ ਚਿਤਾਵਨੀ ਕਰਾਂਦੇ ਹਨ—

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥੧੧॥ (ਪੰਨਾ ੯੧੮)

ਜੀਵਨ ਭਰ ਪ੍ਰਾਣੀ ਨੇ ਜੋ ਕਰਮ ਕਮਾਏ ਹੁੰਦੇ ਹਨ ਉਹੋ ਫਲ ਵਢਣਾ ਪੈਂਦਾ ਹੈ ਅਤੇ ਖਾਣਾ ਪੈਂਦਾ ਹੈ। ਸਤਿਗੁਰੂ ਚਿਤਾਵਨੀ ਦੇਂਦੇ ਹਨ—

ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ॥
ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥੪॥ [ਜੈਤਸਰੀ ਕੀ ਵਾਰ, ਪੰਨਾ ੭੦੬

ਅਤੇ—ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ॥੨॥੭॥ (ਪੰਨਾ ੭੩੦)

ਗੁਰੂ ਨਾਨਕ ਸਾਹਿਬ ਵੀ ਇਹੋ ਉਪਦੇਸ਼ ਦੇਂਦੇ ਹਨ ਕਿ ਜਿਹੜੀ ਜੀਵ-ਇਸਤ੍ਰੀ ਪ੍ਰਭੂ-ਪਰਮਾਤਮਾ ਦੇ ਪਿਆਰ ਵਿਚ ਨਹੀਂ ਰੰਗੀਜਦੀ ਉਸ ਨੂੰ ਅੰਤ ਸਮੇਂ ਪਛੁਤਾਣਾ ਪਏਗਾ। ਇਸ ਲਈ ਮਨੁਖਾ ਜਨਮ ਦੀ ਵਾਰੀ ਮਿਲਣ ਤੇ ਵਾਹਿਗੁਰੂ ਨਾਮ ਜਪ ਕੇ ਉਸ ਪਿਆਰੇ ਪ੍ਰੀਤਮ ਨੂੰ ਰਾਵਣਾ ਚਾਹੀਦਾ ਹੈ। ਗੁਰਵਾਕ—

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥ ਹਾਥ ਪਛੋੜੈ ਸਿਰੁ ਧੁਣੈ, ਜਬ ਰੈਣਿ ਵਿਹਾਣੀ॥੨॥
ਪਛਤਾਵਾ ਨਾ ਮਿਲੈ, ਜਬ ਚੂਕੈਗੀ ਸਾਰੀ॥ ਤਾ ਫਿਰਿ ਪਿਆਰਾ ਰਾਵੀਐ, ਜਬ ਆਵੈਗੀ ਵਾਰੀ॥੩॥
(ਤਿਲੰਗ ਮਹਲਾ ੧, ੭੨੪-੨੫)

ਮਹੀਨੇ ਦੇ ਅੰਤ ਵਿਚ ਗੁਰੂ ਪੰਚਮ ਪਾਤਸ਼ਾਹ ਜੀ ਫ਼ੁਰਮਾਂਦੇ ਹਨ ਕਿ ਜਿਹੜੇ ਪ੍ਰਾਣੀ ਜੀਵਨ-ਕਾਲ ਵਿਚ ਵਾਹਿਗੁਰੂ ਦੀ ਸ਼ਰਨ ਪੈਂਦੇ ਹਨ, ਵਾਹਿਗੁਰੂ ਜੀ ਨੂੰ ਹੀ ਆਪਣਾ ਓਟ-ਆਸਰਾ ਬਣਾਂਦੇ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਚਰਨ-ਕਮਲਾਂ ਰੂਪੀ ਜਹਾਜ਼ ਤੇ ਚੜ੍ਹਾ ਕੇ, ਪਾਰ-ਉਤਾਰਾ ਕਰ ਦੇਂਦੇ ਹਨ। ਉਨ੍ਹਾਂ ਨੂੰ ਨਰਕਾਂ ਵਿਚ ਨਹੀਂ ਪਾਇਆ ਜਾਂਦਾ, ਕਿਉਂਕਿ ਗੁਰੂ ਪਾਤਸ਼ਾਹ ਉਨ੍ਹਾਂ ਦੀ ਰਖਵਾਲੀ ਕਰਨ ਵਾਲਾ ਹਿਤੂ ਮਿਤਰ ਬਣ ਜਾਂਦਾ ਹੈ।

ਸੋ ਦੁਨਿਆਵੀ ਸਾਕਾਂ ਸਨਬੰਧੀਆਂ ਦੇ ਮੋਹ ਵਿਚ ਫਸਣ ਦੀ ਥਾਂ ਵਾਹਿਗੁਰੂ ਜੀ ਨਾਲ ਪਿਆਰ ਪਾ ਕੇ, ਉਸੇ ਦੀ ਸ਼ਰਨ ਲੈਣੀ ਚਾਹੀਦੀ ਹੈ। ਗੁਰ ਫ਼ਰਮਾਨ ਹੈ—

ਜੋ ਤੇਰੀ ਸਰਣਾਈ ਹਰਿ ਜੀਉ, ਤਿਨ ਕੀ ਕਰਹਿ ਪ੍ਰਤਿਪਾਲ॥
ਆਪਿ ਕ੍ਰਿਪਾ ਕਰਿ ਰਾਖਹੁ ਹਰਿ ਜੀਉ, ਪੋਹਿ ਨ ਸਕੈ ਜਮਕਾਲੁ॥੨॥
ਤੇਰੀ ਸਰਣਾਈ ਸਚੀ ਹਰਿ ਜੀਉ, ਨਾ ਓਹ ਘਟੈ ਨ ਜਾਇ॥
ਜੋ ਹਰਿ ਛੋਡਿ ਦੂਜੈ ਭਾਇ ਲਾਗੈ, ਓਹੁ ਜੰਮੈ ਤੈ ਮਰਿ ਜਾਇ॥੩॥
ਜੋ ਤੇਰੀ ਸਰਣਾਈ ਹਰਿ ਜੀਉ, ਤਿਨਾ ਦੂਖ ਭੂਖ ਕਿਛੁ ਨਾਹਿ॥
ਨਾਨਕ ਨਾਮੁ ਸਲਾਹਿ ਸਦਾ ਤੂੰ ਸਚੈ ਸਬਦਿ ਸਮਾਹਿ॥੪॥੪॥ (ਪੰਨਾ ੧੩੩੩-੩੪)


www.AKJ.Org

# 'ਸਚੁ' ਦੀ ਵਿਆਖਿਆ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਗੁਰਮਤਿ ਸੱਚ ਇਕ ਅਗਮ ਅਗੋਚਰ ਪਦਾਰਥ ਹੈ, ਜੋ ਕੇਵਲ ਗੁਰੂ ਘਰ ਵਿਚੋਂ ਹੀ ਭਾਲ ਭਾਲਿਆਂ ਲਭਦਾ ਹੈ। ਇਸ 'ਸਚੁ' ਦੀ ਘਾਲ ਘਾਲਿਆਂ 'ਸਚੁ' ਅਗਮਪੁਰੇ ਵਿਚਿ ਜਾ ਸਮਾਈਦਾ ਹੈ। ਤਿਤ ਅਗਮਪੁਰੇ ਪੁਜ ਕੇ ਤੱਤ 'ਸਚੁ' ਦੀ ਸੱਚੀ ਸੂਝ ਬੂਝ ਆਉਂਦੀ ਹੈ। ਤਿਸ ਅਗਮਪੁਰੇ ਵਿਚ ਸੱਚਾ ਗੁਣੀ ਨਿਧਾਨ ਵਸਦਾ ਹੈ, ਜਿਸ ਦਾ ਨਾ ਕੋਈ ਸਾਜਣਹਾਰਾ ਹੈ, ਨਾ ਤਿਸ ਦਾ ਮੂਲ ਡਾਲ ਪੇੜ ਹੈ, ਨਾ ਤ੍ਰੈਗੁਣੀ ਸਾਖਾਂ ਬੀਜ ਪਤ ਸਾਖਾਂ ਹਨ। ਤੁਰੀਆ ਗੁਣੀ ਅਗਾਧ ਬੋਧ ਸੱਚ ਦੀ ਸਰੂਪ ਲਖਤਾ ਗੁਰਮਤਿ ਗੁਣੀ ਸੱਚ ਲਭਤਾ ਦੇ ਆਸਰੇ ਹੈ। ਯਥਾ ਗੁਰਵਾਕ :

ਤਿਤੁ ਅਗਮ ਤਿਤੁ ਅਗਮਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥
ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥
ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥
ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ॥
ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥
ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥੨॥ [ਆਸਾ ਮ: ੧, ਪੰ: ੪੩੬

ਪਹਿਲੀ ਤੁਕ ਵਿਚ ਅਗਮਪੁਰੇ ਪੁਜਣ ਦਾ ਸੰਜਮ ਉਪਾਉ ਪੁਛਿਆ ਹੈ ਕਿ ਕਿਸ ਬਿਧੀ ਯੁਕਤੀ ਨਾਲਿ ਤਿਤ ਅਗਮਪੁਰੇ ਦੀ ਪਹੁੰਚ ਰਸਾਈ ਹੁੰਦੀ ਹੈ, ਜਿਥੇ ਅਗਮ ਅਗੋਚਰ ਪਾਰਬ੍ਰਹਮ ਵਸਦਾ ਹੈ। ਦੂਜੀ ਤੁਕ ਵਿਚ ਅਗਮਪੁਰੇ ਪੁਜਣ ਦੀ ਸਾਰ ਸੰਜਮ ਯੁਕਤੀ ਦਸੀ ਗਈ ਹੈ ਕਿ ਸਾਰ ਗੁਣਾਂ ਵਾਲਾ ਗੁਰ-ਸ਼ਬਦ ਰੂਪੀ ਜੋ ਸੱਚ ਹੈ, ਤਿਸ ਦੀ ਕਮਾਈ ਰੂਪੀ ਸੰਜਮ ਯੁਕਤੀ ਦੁਆਰਾ ਹੀ ਅਗਮਪੁਰੇ ਜਾਈਦਾ ਹੈ। ਉਹ ਅਗਮਪੁਰਾ ਤੱਤ ਨਿਹਚਲ ਸਤਿ ਨਿਜ ਘਰ ਹੈ, ਜਿਸ ਦੇ ਬਿਨਾ ਹੋਰ ਦ੍ਰਿਸ਼ਟਮਾਨ ਪਸਾਰਾ ਸਭ ਅਸਤਿ ਹੈ। ਤੀਜੀ ਤੁਕ ਦਸਦੀ ਹੈ ਕਿ "ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥" ਸੱਚ ਰੂਪੀ ਸ਼ਬਦ ਦੀ, ਸ਼ਬਦ ਰੂਪੀ ਸੱਚ ਦੀ ਕਮਾਈ ਕੀਤਿਆਂ ਤਿਤ ਅਗਮਪੁਰੇ ਜਾਇ ਪਹੁੰਚੀਦਾ ਹੈ ਅਤੇ ਸੱਚ ਘਰ ਨੂੰ ਲਭ ਕੇ ਗੁਣੀ ਨਿਧਾਨ ਸੱਚੇ ਵਾਹਿਗੁਰੂ ਨੂੰ ਪਾ ਲਈਦਾ ਹੈ, ਜੋ ਗੁਣੀ ਨਿਧਾਨ ਸੈਭੰ ਸਰੂਪਾ ਹੈ, ਸੁਤੇ ਪ੍ਰਕਾਸ਼ ਹੈ, ਜਿਸ ਦਾ ਉਪਾਵਨਹਾਰਾ ਕੋ ਨਾਹੀ। ਉਤਪਤੀ ਸਰਗੁਣ ਪਦਾਰਥਾਂ ਵਾਂਗੂੰ ਤਿਸ ਨਿਰਗੁਣੀ ਸੁਤੇ ਸ੍ਰਿਸ਼ਟੀਏ ਤੁਰੀਆ-ਗੁਣੀ ਗੁਣਾਂ ਵਾਲੇ ਗੁਣੀ ਨਿਧਾਨ ਦੀ ਨਾ ਕੋਈ ਸਾਖਾ, ਨਾ ਮੂਲ ਜੜ ਬੀਜ ਅੰਸ ਹੈ, ਨਾ ਪਤੁ ਹੈ ਤੇ ਨਾ ਡਾਲੀ ਹੈ। ਪਰ ਉਹ ਬਹੁ ਬਿਧਿ ਅਨਿਕ ਪ੍ਰਕਾਰੀ ਰਚਨਾ ਦਾ ਰਚਨਹਾਰ ਕਰਤਾ ਸਭਨਾਂ ਦੇ ਸਿਰ ਪਰਧਾਨ ਹੈ। ਸਭ ਲੋਕੀ ਜਪ ਤਪ ਆਦਿਕ ਆਨਮਤ ਸੰਜਮੀ ਕਰਮ ਕਰਿ ਕਰਿ ਥਕ ਰਹੀ, ਪਰ ਏਹਨਾਂ ਹਠ ਨਿਗ੍ਰਹੀ ਸੰਜਮਾਂ ਦੁਆਰਾ ਅੱਜ ਤਾਈਂ ਕਿਸੇ ਨੇ ਤਿਸ ਸਭਨਾਂ ਸਿਰ ਪਰਧਾਨ ਗੁਣੀ ਨਿਧਾਨ ਵਾਹਿਗੁਰੂ ਨੂੰ ਨਹੀਂ ਪਾਇਆ। ਪਰ ਸਤਿਗੁਰੂ ਦੀ ਸੱਚੀ ਬੂਝ ਬੁਝਾਈ ਗੁਰ-ਦੀਖਿਆ ਮਈ ਸਾਰ ਸੰਜਮੀ ਸ਼ਬਦ ਗੁਰਮੰਤ੍ਰ ਸਚ ਯੁਕਤੀ ਦੁਆਰਾ ਤਿਸੁ ਗੁਣੀ-ਨਿਧਾਨ ਜਗਜੀਵਨ ਕਰਤੇ ਪੁਰਖ ਪ੍ਰੀਤਮ ਦਾ ਸਹਜੇ ਹੀ ਵਸਲ ਮਿਲਾਪ ਹੋ ਜਾਂਦਾ ਹੈ। ਉਹ ਗੁਣੀ ਨਿਧਾਨ, ਸਿਰ ਸਭਨਾਂ ਪਰਧਾਨ ਹੀ ਨਹੀਂ, ਸਗੋਂ ਸਭ ਦਾ ਜੀਵਨ-ਆਸਰਾ ਹੈ, ਜੀਵਨ-ਕਲਾ-ਸਪੰਨ ਸਮਰੱਥਾਵਾਨ ਹੈ।

ਸੱਚੇ ਸਾਹਿਬ ਦੀ ਜਿਨ੍ਹਾਂ ਉਤੇ ਕਿਰਪਾ ਹੁੰਦੀ ਹੈ ਓਹੀ ਅਨਦਿਨ ਨਾਮ ਰੂਪੀ ਸੱਚ ਵਿਚਿ ਜੁੱਟੇ ਰਹਿੰਦੇ ਹਨ। ਅਤੇ ਨਾਮ ਰੂਪੀ ਸੱਚ ਦੀਆਂ ਸੱਚੀਆਂ ਅਭਿਆਸ ਕਮਾਈਆਂ ਕਰਨ ਵਿਚ ਤੱਤਪਰ ਹੋ ਜਾਂਦੇ ਹਨ। ਨਾਮ ਰੂਪੀ 'ਸਚੁ' ਵਿਚੋਂ ਨਿਕਸ ਕੇ ਬਾਹਰ ਨਹੀਂ ਜਾਂਦੇ। ਕੂੜਾਵੇ ਕੱਚ ਪਿਚੀ ਦੁਨਿਆਵੀ



www.AKJ.Org

ਦ੍ਰਿਸ਼ਟਮਾਨ ਸੱਚ ਵਿਚਿ ਖੱਚਤ ਨਹੀਂ ਹੁੰਦੇ। ਸੱਚੀ ਬਖ਼ਸ਼ਿਸ਼ ਦੁਆਰਾ ਬਖ਼ਸ਼ੇ ਜਾਂਦੇ ਹਨ ਅਤੇ ਬਖ਼ਸ਼ੇ ਜਾ ਕੇ ਸੱਚੇ ਮੇਲ ਮਿਲਾਏ ਜਾਂਦੇ ਹਨ, ਸੱਚੇ ਵਾਹਿਗੁਰੂ ਦੇ ਸੱਚ ਸਰੂਪ ਵਿਚਿ ਹੀ ਸਮਾਏ ਰਹਿੰਦੇ ਹਨ। ਯਥਾ ਗੁਰਵਾਕ :

ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ ॥
ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ ॥੭॥੩੫॥ [ਆਸਾ ਮ: ੩, ਪੰਨਾ ੪੨੯

'ਸਚੁ ਕਮਾਵਹਿ' ਤੋਂ ਪਹਿਲਾਂ 'ਨਾਮੇ ਲਾਇ' ਦਾ ਆਉਣਾ ਨਾਲ ਲਗਦਾ ਹੀ ਦਸਦਾ ਹੈ ਕਿ ਸੱਚ ਕਮਾਉਣ ਤੋਂ ਭਾਵ ਨਾਮ ਦੀ ਕਮਾਈ ਕਰਨਾ ਹੈ। ਨਾਮ ਤੋਂ ਬਿਨਾਂ ਹੋਰ ਸੱਚ ਸੁਚ ਕੁਛ ਨਹੀਂ।

ਇਸ ਸਚੁ ਪਿਛੇ ਸਾਰਾ ਸੰਸਾਰ ਧੰਦ ਪਿਟਦਾ ਫਿਰਦਾ ਹੈ; ਸੱਚ ਨਹੀਂ ਲਭਦਾ, ਨਾ ਜਚਦਾ ਫਬਦਾ ਹੈ। ਇਸ ਸੱਚ ਖੁਣੋਂ ਐਵੇਂ ਊਣਾ ਹੀ ਚਲਿਆ ਜਾਂਦਾ ਹੈ ਅਤੇ ਆਵਾ ਗਉਣ (ਲਖ ਚੁਰਾਸੀ ਜੂਨਾਂ) ਵਿਚ ਭਉਂਦਾ ਫਿਰਦਾ ਹੈ। ਗੁਰ ਸ਼ਬਦ ਕਮਾਈ ਕੀਤਿਆਂ 'ਸਚੁ' ਪਰਤੱਖ ਦਿਸ ਪੈਂਦਾ ਹੈ ਅਤੇ ਸੱਚ ਦਾ ਸੱਚਾ ਨਿਰਣਾ ਹੋ ਜਾਂਦਾ ਹੈ। ਫੇਰ ਸਭ ਢੂੰਡਾਂ ਮਿਟ ਜਾਂਦੀਆਂ ਹਨ, ਚੁਰਾਸੀ ਵਿਚ ਭਉਣਾ ਭੀ ਰਹਿ ਜਾਂਦਾ ਹੈ। ਸਗੋਂ ਮਮਤਾ-ਮੋਹ ਵਿਸਰਜ ਕੇ ਨਿਜ ਘਰਿ ਵਾਸਾ ਹੋ ਜਾਂਦਾ ਹੈ। ਯਥਾ ਗੁਰਵਾਕ :

ਚਲੇ ਚਲਣਹਾਰ ਵਾਟ ਵਟਾਇਆ ॥ ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ ॥੧॥
ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ ॥
ਮਮਤਾ ਮੋਹੁ ਵਿਸਰਜਿਆ ਅਪਨੈ ਘਰਿ ਆਇਆ ॥੧॥ਰਹਾਉ॥
ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥ ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥੨॥
ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੁ ॥ ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੁ ॥੩॥...
ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ ॥ ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ ॥੮॥
ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ ॥ ਮੈ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ ॥
੯॥੧੬॥ [ਆਸਾ ਮਹਲਾ ੧, ਪੰਨਾ ੪੧੯-੨੦

ਸਚਿਆਰੁ ਗੁਰਮੁਖ ਜਨੁ ਇਕ ਵਾਰ ਸੱਚ ਵਿਖੇ ਮਿਲਿਆ ਹੋਇਆ ਫੇਰ ਕੂੜ-ਪਸਾਰੇ ਵਿਚ ਨਹੀਂ ਪੈਂਦਾ, ਸੱਚੇ ਵਾਹਿਗੁਰੂ ਨਾਲ ਚਿਤ ਮਿਲਿਆ ਹੋਣ ਕਰਿ ਮੁੜ ਕੇ ਚੁਰਾਸੀ ਦੇ ਗੇੜ ਵਿਚ ਨਹੀਂ ਪੈਂਦਾ। ਸ਼ਬਦ ਮੋਇਆਂ ਨੂੰ ਕੀ ਰੋਣਾ ਹੈ, ਏਥੇ ਤਾਂ ਰੋਣ ਦੀ ਜਾਇ ਹੀ ਨਹੀਂ। 'ਸਚੁ' (ਨਾਮ) ਨੂੰ ਸਾਲਾਹੁੰਦਿਆਂ ਸੱਚੇ ਨੂੰ ਮਿਲਣ ਦੀਆਂ ਵੈਰਾਗ-ਦੁਹਾਈਆਂ ਦੇ ਦੇ ਰੋਣਾ ਹੁਕਮੀ ਦਾ ਹੁਕਮ ਪਛਾਨਣਾ ਹੈ। ਸੱਚੇ ਸਾਹਿਬ ਨੂੰ ਰਿਦੇ ਵਸਾਇ ਕੇ ਸਭ ਝੂਰੇ ਵਿਸੂਰੇ ਮਿਟ ਜਾਂਦੇ ਹਨ। ਸਚ ਸ਼ਬਦ ਦੀ ਕਮਾਈ ਵਿਚ ਹੀ ਲਗੇ ਰਹਿਣਾ ਚਾਹੀਦਾ ਹੈ। ਸਾਰੇ ਗੁਨਾਹ ਬਖ਼ਸ਼ੇ ਜਾਂਦੇ ਹਨ, ਬਖ਼ਸ਼ਣਹਾਰ ਆਪੇ ਬਖ਼ਸ਼ ਦਿੰਦਾ ਹੈ। ਗੁਰੂ ਨਾਨਕ ਸਾਹਿਬ ਏਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਕੇਵਲ 'ਸਚੁ' (ਨਾਮੁ) ਦੀ ਮੰਗ ਹੀ ਹਰ ਦਮ ਮੰਗਣੀ ਚਾਹੀਦੀ ਹੈ। ਗੁਰਮੁਖਾਂ ਨੂੰ ਏਸੇ 'ਸਚੁ' (ਨਾਮੁ) ਦੀ ਘਾਲਨਾ ਘਾਲਣੀ ਹੀ ਦਰਕਾਰ ਹੈ, ਹੋਰ ਕਾਸੇ ਦੀ ਨਹੀਂ। ਘਾਲਣੀ ਦਾ ਫਲ ਪਰਦਾਤਾ ਆਪਿ ਵਾਹਿਗੁਰੂ ਹੈ, ਜੋ ਇਸ ਘਾਲਨਾ ਤੇ ਤੁਠ ਕੇ ਨਦਰਾਂ ਮੇਹਰਾਂ ਵਰਸਾਉਂਦਾ ਹੈ। ਏਹਨਾਂ ਨਦਰਾਂ ਮੇਹਰਾਂ ਦੇ ਪਾਤਰ ਨਦਰੀ ਨਦਰਿ ਨਿਹਾਲ ਹੋ ਜਾਂਦੇ ਹਨ। ਐਸਾ ਸੱਚ ਕਮਾਵਣਹਾਰਾ (ਨਾਮ ਦੀਆਂ ਕਮਾਈਆਂ ਕਰਨਹਾਰਾ) ਕੋਈ ਵਿਰਲਾ ਹੀ ਗੁਰਮੁਖ ਜਨ ਹੁੰਦਾ ਹੈ। ਜੋ ਅਸਲੀ ਠਾਕੁਰ ਦਾ ਦਾਸ ਹੈ, ਸੋਈ ਅਸਲੀ ਸੇਵਕ ਹੈ, ਸੋਈ ਸੱਚਾ ਭਗਤ ਜਨੁ ਹੈ। ਯਥਾ :

ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ...॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ਰਹਾਉ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥
ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੋ ਹੋਇ ॥੨॥



www.AKJ.Org

ਤੇਰਾ ਤਾਣੁ ਤੂ ਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥
ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥
ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥

[ਆਸਾ ਮਹਲਾ ੧, ਪੰਨਾ ੩੫੫

ਸਚੁ ਰੂਪੀ ਨਾਮੁ ਗੁਰ ਸ਼ਬਦ ਮੰਤ੍ਰ ਦੀਖਿਆ ਲੈ ਕੇ ਹੀ ਕਮਾਈਦਾ ਹੈ (ਕਮਾਇ ਸਕੀਦਾ ਹੈ)। ਐਸੀਆਂ (ਅਰਥਾਤ 'ਸਚੁ' ਨਾਮ ਦੀਆਂ) ਸਚੀਆਂ ਕਮਾਈਆਂ ਕਰਨਹਾਰੇ ਗੁਰਮੁਖ ਜਨ ਹੀ ਸਾਚੇ (ਸੱਚੇ ਵਾਹਿਗੁਰੂ) ਦੇ ਦਰਬਾਰ ਵਿਚ ਸਚੇ ਸਚਿਆਰ ਕਰ ਕੇ ਸਨਮਾਨੇ ਜਾਂਦੇ ਹਨ, ਸੱਚੀ ਸਚਿਆਰਤਾ ਸੇਤੀ ਪੂਰੇ ਪੂਰੇ ਉਤਰਦੇ ਹਨ। ਓਹਨਾਂ ਦਾ ਹੀ ਸਦਾ ਸ਼ਬਦ ਰਟਨਾਸਨਾ ਅਰਦਾਸ ਬੇਨਤਾ ਸੱਚੀ ਦਰਗਾਹੇ ਕਬੂਲ ਪੈਂਦਾ ਹੈ। ਤਿਨ੍ਹਾਂ ਦੀ ਇਹ ਅਰਦਾਸ ਰੂਪ ਸ਼ਬਦ ਅਭਿਆਸ ਰਟ-ਪੁਕਾਰ ਸੱਚੇ ਮਹਿਲਾਂ ਵਿਚ ਸੁਣੀਦੀ ਹੈ। ਤਿਨ੍ਹਾਂ ਦੀ ਹੀ ਅਰਦਾਸ ਅਰਜ਼ੋਈ ਦੀ ਸੱਚ ਮਹਿਲਾਂ ਵਿਚ ਸੁਣਵਾਈ ਹੁੰਦੀ ਹੈ। ਅਤੇ ਸੁਣ ਕੇ ਸੱਚਾ ਖਸਮ ਵਾਹਿਗੁਰੂ ਤਿਨ੍ਹਾਂ ਨੂੰ ਸ਼ਾਬਾਸ਼ ਦਿੰਦਾ ਹੈ (ਸ਼ਾਬਾਸ਼ੇ ਆਖਦਾ ਹੈ)। ਨਿਰੀ ਸ਼ਾਬਾਸ਼ ਹੀ ਨਹੀਂ ਦਿੰਦਾ, ਸੱਚਾ ਸਾਹਿਬ ਅਪਣੇ ਸੱਚੇ ਤਖਤ ਦੇ ਨਿਕਟ ਬੁਲਾਇ ਕੈ ਤਿਨ੍ਹਾਂ ਨੂੰ ਸੱਚੀਆਂ ਵਡਿਆਈਆਂ ਦਿੰਦਾ ਹੈ (ਸੱਚਾ ਮਾਣ ਰੂਪੀ ਥਾਪੜਾ ਦਿੰਦਾ ਹੈ) ਉਸ ਦਾ ਕੀਤਾ ਹੀ ਜੋ ਉਸ ਨੂੰ ਭਾਉਂਦਾ ਹੈ, ਸੋ ਹੁੰਦਾ ਹੈ (ਉਸਦਾ ਵਡੀਰਿਆ ਹੀ ਕੋਈ ਵਡੀਰਿਆ ਜਾ ਸਕਦਾ ਹੈ)। ਤਿਸ ਦੇ ਦੀਬਾਣ ਵਿਖੇ ਤਿਸੇ ਦਾ ਹੀ ਤਾਣ ਪਰਵਾਣ ਚਲਦਾ ਹੈ। ਸੱਚ ਮਹਲੀ; ਸਚੇ ਦਰਿ ਸੋਈ ਪਰਵਾਣ ਪੈਂਦੇ ਹਨ, ਜਿਨ੍ਹਾਂ ਗੁਰਮੁਖਾਂ ਦੇ ਮਸਤਕ ਉਤੇ ਗੁਰ-ਸ਼ਬਦ ਦਾ ਸੱਚਾ ਨੀਸਾਣ ਹੁੰਦਾ ਹੈ, ਜਿਨ੍ਹਾਂ ਦੇ ਮਸਤਕ ਪ੍ਰਗਟੀਆਏ ਲੇਖਾਂ ਵਿਖੇ ਸੱਚੀਆਂ ਗੁਰ-ਸ਼ਬਦ ਕਮਾਈਆਂ ਦਾ ਸੱਚੜਾ ਗੁਰ-ਸ਼ਬਦ ਨੀਸਾਣ ਉਕਰਿਆ ਹੋਇਆ ਹੁੰਦਾ ਹੈ, ਜੋ ਸੱਚੀ ਹੁਕਮ ਰਜਾਈ ਚਾਲ ਚਲ ਕੇ ਦਰ ਪਰਵਾਨ ਪਏ ਹੁੰਦੇ ਹਨ (ਪੂਰਾ ਖਲੋਏ ਹੁੰਦੇ ਹਨ)।

ਵਾਹਿਗੁਰੂ ਦੇ ਸੱਚੇ ਹੁਕਮ ਨੂੰ ਮੰਨਣਹਾਰਾ, ਹੁਕਮ ਰਜਾਈ ਚਲਣਹਾਰਾ ਗੁਰਮੁਖ ਜਨੁ ਉੱਜਲ ਮੁਖ ਹੋ ਕੇ ਪ੍ਰਗਟ ਜੋਤਿ ਪ੍ਰਗਾਸੀਆ ਜਗ-ਮਗ ਦੀਦਾਰੀਆ ਮੁਖੜਾ ਲੇ ਕੇ ਨਿਧੜਕ ਸੱਚੇ ਦਰਬਾਰ ਦੀਵਾਣ ਵਿਖੇ ਜਾਇ ਪਰਵੇਸ਼ ਹੁੰਦਾ ਹੈ। ਉਸ ਦੇ ਮਸਤਕ ਉਤੇ ਨੀਸਾਣ ਹੋਣ ਕਰਕੇ ਉਸ ਨੂੰ ਸੱਚ ਦਰਬਾਰੇ ਪਰਵੇਸ਼ ਹੋਣ ਦੀ ਰੋਕ ਟੋਕ ਨਹੀਂ ਹੁੰਦੀ। ਉਸ ਨੂੰ ਠਾਕ ਕੋਈ ਨਹੀਂ ਸਕਦਾ। ਇਹ ਗੁਰ-ਸ਼ਬਦ-ਕਮਾਈਆਂ ਦੀ ਬਰਕਤ ਹੈ। ਇਹ ਸੱਚ ਗੁਰਮਤਿ ਮਾਰਗ ਚਲਣਹਾਰੇ ਸੱਚ ਨੀਸ਼ਾਣੀਆਂ ਦਾ ਪਰਗਟ ਪਾਹਾਰੇ ਜਾਪਦਾ ਪਰਤਾਪ ਹੈ। ਇਹ ਸੱਚ ਦੀਆਂ ਮੰਜ਼ਲ-ਰਸਾਈਆਂ ਹਨ। ਕਵਲ ਗੁਰਮਤਿ ਦੁਆਰੇ ਹੀ ਇਹ ਮੰਜ਼ਲ ਲਭਦੀ ਹੈ। ਗੁਰਮਤਿ ਤੇ ਚਲਣਹਾਰਿਆਂ ਨੂੰ ਹੀ 'ਸਚੁ' ਮਿਲਦਾ ਹੈ। ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਸੱਚੜੇ ਹੀ ਸੱਚ ਦਾ ਏਹ 'ਸਚੁ' ਮੋਅਜਜ਼ਾ ਪ੍ਰਗਟੀਆਉਂਦਾ ਹੈ। ਉਪਰਲੇ ਗੁਰਵਾਕ ਦੀਆਂ ਏਦੂੰ ਅਗਲੀਆਂ ਤੁਕਾਂ ਵਿਖੇ ਸਚੇ ਪਾਤਸ਼ਾਹ ਨੇ ਕਿਆ ਸਪੱਸ਼ਟ ਨਿਖੇੜਵਾਂ ਫ਼ੈਸਲਾ ਕੀਤਾ ਹੈ :

ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥

[ਆਸਾ ਮਹਲਾ ੧, ਪੰਨਾ ੩੫੫

ਆਪਣੀ ਕਹਿਵਤੀ (*so called*) ਇਲਹਾਮੀ ਪੁਸਤਕ ਵੇਦ ਨੂੰ ਪੰਡਿਤ (ਵੇਦਾਂ ਦੇ ਸਕਾਲਰ) ਘੋਖਿ ਘੋਖਿ ਪੜ੍ਹਦੇ ਹਨ, ਵਖਾਣਦੇ-ਵਿਆਖਿਆ ਕਰਦੇ ਹਨ, ਪਰ ਓਹਨਾਂ ਨੂੰ 'ਸਚੁ' ਨਹੀਂ ਲਭਦਾ। ਵੇਦ


www.AKJ.Org

ਅੰਦਰ ਹੀ ਇਹ 'ਸਚੁ' ਹੈ ਨਹੀਂ, ਹੋਵੇ ਤਾਂ ਲਭੇ। ਇਹ ਸਚੁ ਮਈ ਤੱਤ ਵਥੁ (ਵਸਤੂ) ਡਾਂ ਘਟ ਅੰਦਰ ਹੀ ਹੁੰਦੀ ਹੈ। ਪਰ ਇਸ ਦਾ ਭੇਦ ਨਾ ਵੇਦ ਜਾਣਦੇ ਹਨ, ਨਾ ਵੇਦਾਂ ਨੂੰ ਪੜ੍ਹਣਹਾਰੇ ਪੰਡਿਤ ਜਾਣਦੇ ਹਨ। ਇਸ ਸੱਚੜੇ ਭੇਦ ਦੀ ਸਚੜੀ ਸੂਝ ਬੂਝ ਸਚੜੇ ਗੁਰੂ ਬਾਝੋਂ ਨਹੀਂ ਹੋ ਸਕਦੀ। ਅਤੇ ਸਭ ਜੁਗਾਂ ਵਿਚਿ ਆਪਣਿਆਂ ਗੁਰੂ ਜਾਮਿਆਂ ਵਿਚਿ ਪ੍ਰਗਟੀਆਣਿਆ ਸੱਚਾ ਗੁਰੂ ਕੇਵਲ ਸਤਿਗੁਰ ਨਾਨਕ ਦੇਵ ਹੀ ਹੈ, ਜੋ ਅੱਜ ਕਲ੍ਹ ਆਪਣੇ ਸੱਚੇ ਜਤਿ-ਜਾਮੇ ਜੁਗੋ ਜੁਗ ਅਟੱਲ ਗੁਰੂ ਜੋਤਿ ਜਾਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਚੜੇ ਸਰੂਪ ਵਿਚਿ ਬਿਰਾਜਮਾਨ ਹੈ। ਜਿਸ ਦੀ ਸਚੜੀ ਬਾਣੀ ਮਈ ਗੁਰੁ-ਜੋਤ ਰੋਸ਼ਨੀ ਦੇ ਚਾਨਣੇ ਵਿਚਿ ਹੀ ਇਹ ਭੇਦ ਪਰਤੱਖ ਖੁਲ੍ਹਦਾ ਹੈ। ਜਿਸ ਗੁਰਬਾਣੀ ਦਰਸਾਏ ਸਚੜੇ ਹੁਕਮ ਨੂੰ ਕਮਾਇਆਂ ਹੀ ਇਸ ਭੇਦ ਗੁੰਝਲ ਦੀ ਸੁਲਝ ਅੰਦਰ-ਖ਼ਾਨੇ ਆ ਵਾਪਰਦੀ ਹੈ ਕਿ ਸੱਚੀ ਹੂੰ ਸਚੜਾ 'ਸਚ' ਵਾਹਿਗੁਰੂ ਆਪਣੇ ਸੱਚ ਸਰੂਪ ਵਿਚਿ ਪ੍ਰਗਟ ਪਾਹਾਰੇ ਸਾਰੇ ਹੀ ਰਵਿ ਰਹਿਆ ਹੈ। ਪ੍ਰਿਥਮ ਘਟ ਅੰਦਰੋਂ ਪ੍ਰਗਟੀਆਇ ਕੇ ਇਸ ਤੱਤ ਪ੍ਰਮਾਰਥੀ ਸੱਚ ਦੇ ਨੂਰ ਦਾ ਜ਼ਹੂਰ, ਘਟ ਘਟ ਕੇ ਪਟ ਪਟ ਅੰਦਰ ਸਾਰੇ ਨਭ ਆਕਾਸ਼ੀ ਪੁਲਾੜ ਅੰਦਰਿ ਜੋਤਿ ਪਸਰੂਰਿ ਹੋ ਕੇ ਪਸਰ ਜਾਂਦਾ ਹੈ। ਤਿਸ ਨੂਰ ਪਸਰੂਰੀ 'ਸਚੁ' ਦੇ ਤੱਤ ਜ਼ਹੂਰ ਦੀ ਗਹਿਣ-ਗਤਿ ਆਖੀ ਨਹੀਂ ਜਾ ਸਕਦੀ। "ਕਿਆ ਹਉ ਆਖਾ ਆਖਿ ਵਖਾਣੀ। ਤੂੰ ਆਪੇ ਜਾਣਹਿ ਸਰਬ ਵਿਡਾਣੀ।" ਕੀ ਆਖੀ ਜਾਏ ਤੇ ਕਿਵੇਂ ਆਖ ਕੇ ਵਖਾਣੀ ਜਾਏ ? ਆਪਣੇ ਇਸ ਚੋਜ ਵਿਡਾਣ ਨੂੰ ਚੋਜ ਵਿਡਾਣੀ ਸਰਬ ਕਲਾ ਸਮਰੱਥ ਸੱਚਾ ਵਿਡਾਣੀ ਸਰਬ ਕਲਾ ਸਮਰੱਥ ਸੱਚਾ ਪਾਤਸ਼ਾਹੁ ਆਪੇ ਹੀ ਜਾਣਦਾ ਹੈ। ਸਿਰੀ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, "ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥" ਵਾਹਿਗੁਰੂ ਸੱਚੇ ਦਾ ਹੀ ਇਕੋ ਸੱਚਾ ਦਰ ਅਤੇ ਇਕੋ ਸੱਚਾ ਦਰ ਦਰਬਾਰੀ ਸੱਚੀ ਕਚਹਿਰੀ ਵਾਲਾ ਸਚੜਾ ਦੀਬਾਣ ਹੈ, ਜਿਥੇ ਸਚੋ ਹੀ ਸੱਚ ਵਰਤਦਾ ਹੈ ਅਤੇ ਸੱਚੋ ਹੀ ਸੱਚ ਨਿਆਉਂ ਨਿਬੇੜਾ ਹੁੰਦਾ ਹੈ। ਤਿਥੈ ਗੁਰਮੁਖਾਂ ਦੀ ਹੀ 'ਸਚੁ' ਘਾਲ ਕਮਾਈ ਥਾਇੰ ਪੈਂਦੀ ਹੈ। ਸੱਚ ਦੀ ਕਮਾਈ ਵਾਲੇ ਗੁਰਮੁਖਾਂ ਦੀ ਹੀ ਤਿਥੇ ਸੱਚੀ ਰਸਾਈ ਸਮਾਈ (ਗੁਦਰਾਣ) ਹੁੰਦੀ ਹੈ, ਹੋਰ ਕਿਸੇ ਦੀ ਨਹੀਂ। ਵਾਹੁ ! ਵਾਹੁ ! ਸਚੁ ਵਿਗਾਸੀ, ਸਚੁ ਘਟਿ ਪਰਗਾਸੀ ਗੁਰਮੁਖਾਂ ਜਨਾਂ ਭਗਤਾਂ ਦੀ ਕੈਸੀ ਸੱਚੀ ਵਡਿਆਈ ਅਗਲੇ ਗੁਰਵਾਕ ਅੰਦਰਿ ਉਚਾਰੀ ਗਈ ਹੈ। ਯਥਾ:—

ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥
ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥
ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥
ਸਚੁ ਸਚਾ ਸਬਦੁ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ ॥
ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ ॥੨੨॥

[ਗਉੜੀ ਕੀ ਵਾਰ ਮਹਲਾ ੪, ਪੰਨਾ ੩੧੩

ਵਾਹੁ ! ਵਾਹੁ ! ਸੱਚ ਦੀ ਕਿਆ ਤੱਤ ਨਿਰਖ ਨਿਰਣੇ ਵਾਲੀ ਸੱਚੀ ਵਿਆਖਿਆ ਹੈ। ਪਰਮ ਤੱਤ 'ਸਚੁ' ਵਾਹਿਗੁਰੂ ਸੱਚੇ ਦੇ ਹੀ ਭਗਤ ਜਨ ਹਨ, ਜਿਨ੍ਹਾਂ ਨੇ ਸਚੁ (ਨਾਮੁ) ਅਤੇ ਸੱਚਾ (ਨਾਮੀ) ਵਾਹਿਗੁਰੂ ਅਰਾਧਿਆ ਹੈ। ਏਥੇ 'ਸਚੁ ਸਚੇ' (ਮੁਢ ਅਰੰਭਲੇ) ਤੋਂ ਭਾਵ ਪਰਮ ਤੱਤ ਸਚੁ ਵਾਹਿਗੁਰੂ ਸੱਚੇ ਤੋਂ ਹੈ। 'ਸਚੁ ਸਚੇ' ਤੋਂ ਭਾਵ 'ਸਚੁ ਨਾਮੁ'—ਅਤੇ ਨਾਮੀ ਵਾਹਿਗੁਰੂ ਸੱਚ ਹੈ। ਨਿਰੇ ਲੋਕ ਫ਼ਹਿਮ ਸੱਚ ਮਾਅਨਿਆਂ ਵਾਲੇ ਸੱਚ ਦਾ ਅਰਾਧਣਾ ਹੀ ਨਹੀਂ ਬਣਦਾ। 'ਆਰਾਧਨ' ਦੀ ਕਿਰਿਆ ਇਸ ਲੌਕਿਕ ਸੱਚ ਪ੍ਰਥਾਇ ਢੁਕਦੀ ਫਬਦੀ ਹੀ ਨਹੀਂ। ਏਹ ਅਲੌਕਿਕ ਸਚੁ ਪਰਲੌਕਿਕ ਸਚੁ ਹੈ, ਪ੍ਰਮਾਰਥੀ ਸੱਚ ਹੈ, ਪਰਮਾਤਮੀ ਸੱਚ ਹੈ, ਜਿਸ ਨੂੰ ਕੇਵਲ ਗੁਰੂ ਘਰ ਦੇ ਗੁਰੂ ਵਰੋਸਾਏ ਭਗਤ ਜਨ (ਗੁਰਮੁਖ ਜਨ) ਹੀ ਆਰਾਧ ਸਕਦੇ ਹਨ। ਜਿਨ੍ਹਾਂ ਗੁਰਮੁਖ ਜਨਾਂ ਨੇ ਸਚੁ ਨਾਮੁ ਆਰਾਧ ਕੇ, ਨਾਮ ਰੂਪੀ ਸਚੁ ਆਰਾਧ ਕੇ ਸੱਚਾਂ ਸਿਰ ਸਚੁ ਵਾਹਿਗੁਰੂ ਰੂਪੀ 'ਸੱਚੁ' ਨੂੰ ਢੂੰਡਿਆ (ਟੋਲਿਆ) ਹੈ, ਤਿਨ੍ਹਾਂ ਨੇ ਨਿਜ ਘਟ ਅੰਦਰੋਂ ਹੀ ਇਸ ਤਤੁ ਸਚੁ ਵਾਹਿਗੁਰੂ ਨੂੰ ਲਭ ਲਿਆ ਹੈ। ਐਸਾ



www.AKJ.Org

ਪਰਮ ਤੱਤ ਸਚਾਵਲਾ ਸਚੁ, ਗੁਰਮਤਿ ਸਚੁ ਸਿਫ਼ਤਵਲਾ ਸਚੁ (ਨਾਮੁ) ਅਤੇ ਨਾਮੀ ਸੱਚਾ ਸਹਿਬ ਜਿਨ੍ਹਾਂ ਨੇ ਸੇਵਿਆ, ਭਗਤੇਵਿਆ (ਸਿਮਰਿਆ) ਸਿਮਰਨ ਕਮਾਈ ਕਰ ਕੇ ਸਿਫ਼ਤੇਵਿਆ ਹੈ, ਤਿਸ ਸੱਚ ਕਮਾਵਣ ਦੇ ਫ਼ੈਲ ਸਚੁ ਸੇਵਨਹਾਰਿਆਂ (ਸਿਮਰਨਹਾਰਿਆਂ) ਨੇ ਜਮ ਰੂਪੀ ਕੰਟਕ ਕਾਲੁ ਮਾਰ ਕੇ ਸਾਧ ਲਿਆ (ਸੋਧ ਸਿਟਿਆ) ਹੈ। 'ਸਚੁ ਸਾਹਿਬੁ ਸਚੁ' ਇਸ ਤੀਜੀ ਤੁਕ ਅੰਦਰਿ ਖ਼ਾਸ ਵਿਸ਼ੇਸ਼ਤਾ ਪੂਰਤ ਵਜ਼ਨ ਰਖਦਾ ਹੈ। ਦੋ ਬਾਰ ਏਹ 'ਸਚੁ' ਅੰਕਤ ਕਰ ਕੇ ਵਿਚਾਲੇ 'ਸਾਹਿਬੁ' ਪਦ ਸੁਸ਼ੋਭਤ ਕੀਤਾ ਗਿਆ ਹੈ ਕਿ 'ਸਚੁ' ਪਦ ਦੇ ਅਰਥ ਵਿਸ਼ੇਸ਼ ਕਰ ਕੇ ਨਾਮੀ ਸਾਹਿਬ ਅਤੇ ਸਾਹਿਬ ਦੇ ਨਾਮ ਪ੍ਰਥਾਇ ਵਰਤੇ ਹੀ ਨਿਸਚਿਤ ਕੀਤੇ ਜਾਣ। ਏਸ ਕਰਕੇ ਸਾਹਿਬ ਦੁਆਲੇ ਦੋ ਵਾਰ 'ਸਚੁ' ਸ਼ਬਦ ਲਿਖ ਕੇ ਮਾਨੋ ਸਚੁ ਸ਼ਬਦ ਉਤੇ ਖ਼ਾਸੀਅਤ ਤਾਣ (*force, emphasis*) ਦਿਤਾ ਗਿਆ ਕਿ 'ਸਚੁ' ਦੇ ਅਰਥ ਨਾਮ ਤੇ ਨਾਮੀ ਵਾਹਿਗੁਰੂ ਤੋਂ ਬਿਨਾਂ ਹੋਰ ਨਾ ਸਮਝੇ ਜਾਣ, ਨਿਸਚੇ ਕਰਕੇ ਵਾਹਿਗੁਰੂ ਨਾਮ ਅਤੇ ਵਾਹਿਗੁਰੂ ਪ੍ਰਥਾਇ ਹੀ ਸਚੁ ਸ਼ਬਦ ਲਿਖਿਆ ਪਰਵਾਨਿਆ ਪਰਧਾਨਿਆ ਜਾਏ। ਫੇਰ ਏਦੂੰ ਅਗਲੀ, ਅਰਥਾਤ, ਚੌਥੀ ਤੁਕ ਵਿਚ 'ਸਚੁ' ਸ਼ਬਦ ਨੂੰ ਹੋਰ ਭੀ ਨਿਖਾਰ ਕੇ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੇ ਅਰਥਾਂ ਵਿਚਿ ਜਣਾਇਆ ਗਿਆ ਹੈ। "ਸਚੁ ਸਚਾ ਸਭਦੂ ਵਡਾ ਹੈ" ਸਚੁ ਨਾਮੁ ਵਾਲਾ ਸੱਚਾ ਵਾਹਿਗੁਰੂ ਸਾਰਿਆਂ ਸੱਚਾਂ ਨਾਲੋਂ ਵਡਾ, ਸੱਚਾਂ ਸਿਰ ਸਚੁ ਹੈ। "ਸਚੁ ਸੇਵਨਿ ਸੇ ਸਚਿ ਰਲਾਧਿਆ॥" ਜੇਹੜੇ ਵਡਭਾਗੇ ਗੁਰਮੁਖ ਜਨ ਇਸ ਸਚਾਂ ਸਿਰਿ ਸੱਚੁ, ਸਭ ਦੂੰ ਵਡੇ ਸੱਚ ਨੂੰ ਸੇਵੰਦੇ ਹਨ, ਅਤੁਟ ਭਗਤ ਕਮਾਈ ਕਰਕੇ ਸਿਮਰਦੇ ਹਨ, ਸੇ ਸੱਚ ਵਿਚਿ ਹੀ ਰਲ ਮਿਲ ਗਏ ਹਨ। ਸਚੇ ਵਾਹਿਗੁਰੂ ਨੇ ਆਪਣੇ ਸੱਚ ਸਰੂਪ ਵਿਚਿ ਹੀ ਰਲਾਇ ਮਿਲਾਇ ਸਮਾਇ ਲਏ ਹਨ। ਪੰਜਵੀਂ ਅਖ਼ੀਰਲੀ ਪੰਗਤੀ ਅੰਦਰਿ ਕਿਆ ਸੋਹਣੀ ਸਪੱਸ਼ਟ ਨਿਰਖ 'ਸਚੁ' ਸ਼ਬਦ ਦੀ ਕੀਤੀ ਹੈ। "ਸਚੁ ਸਚੇ ਨੋ ਸਾਬਾਸਿ ਹੈ" ਐਸੇ ਸਚੁ ਸਰੂਪੀ ਸਚੇ ਵਾਹਿਗੁਰੂ ਨੂੰ ਸ਼ਾਬਾਸ਼, ਸੁਬਹਾਨ ਕਹਿਣਾ ਲੋੜੀਏ, ਜਿਸ ਸਚ ਸਚੇ ਨੂੰ ਸੇਵ ਕੇ ਸੇਵਕ ਭਗਤ ਜਨ ਫਲਦੇ ਫੂਲਦੇ ਹਨ (ਸਰਬ ਫਲਾਂ ਨੂੰ ਪਾਉਂਦੇ ਹਨ) "ਸਚੁ ਸਚਾ ਸੇਵਿ ਫਲਾਧਿਆ।" ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦਾ ਸੇਵਨ ਸਿਮਰਨ ਹੀ ਸਰਬ ਫਲ ਪਰਦਾਤਾ ਹੈ, ਜੈਸਾ ਕਿ ਗੁਰਬਾਣੀ ਅੰਦਰਿ ਅਨੇਕ ਥਾਇਂ ਵਰਣਨ ਕੀਤਾ ਗਿਆ ਹੈ। ਇਸ ਵਿਚ ਰੰਚਕ ਸੰਦੇਹ ਹੀ ਨਹੀਂ। ਕੈਸੀ ਸੱਚ ਦੀ ਖ਼ਾਸੀਅਤ ਖ਼ਸੂਸੀਅਤ ਅਤੇ ਮਹਿਮਾ ਮਹੂਵੀਅਤ ਇਸ ਉਪਰਲੇ ਗੁਰਵਾਕ ਅੰਦਰਿ ਨਿਰਣਾਈ ਗਈ ਹੈ।

ਅਗਲੀ ਪਉੜੀ ਵਾਲੇ ਗੁਰਵਾਕ ਅੰਦਰਿ ਸਚੁ ਰੂਪੀ, ਸਿਫਤ ਰੂਪੀ ਸੱਚੇ ਨੂੰ ਸਾਰੀ ਕੁਦਰਤ ਦਾ ਸਿਰਜਨ ਸਾਜਣਹਾਰਾ ਕਾਦਰੇ ਮੁਤਲਕ ਕਰਕੇ ਜਾਣਾਇਆ ਗਇਆ ਹੈ। ਯਥਾ :

ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ॥
ਸੋ ਸਚੁ ਸਲਾਹੀ ਸਦਾ ਸਦਾ ਸਚ ਸਚੇ ਕੀਆ ਵਡਿਆਈਆ॥
ਸਾਲਾਹੀ ਸਚੁ ਸਲਾਹ ਸਚੁ ਕੀਮਤਿ ਕਿਨੈ ਨ ਪਾਈਆ॥
ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ॥
ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ॥੨੩॥

[ਗਉੜੀ ਕੀ ਵਾਰ ਮਹਲਾ ੪, ਪੰਨਾ ੩੧੩

ਨਾਮ ਨਾਮੀ ਅਭੇਦ ਰੂਪ ਹੋਣ ਕਰਿ, ਨਾਮੀ ਦਾ ਸਲਾਹੁਣਾ ਅਤੇ ਨਾਮ ਦਾ ਸਲਾਹੁਣਾ ਗੁਰਬਾਣੀ ਅੰਦਰਿ ਇਕ ਹੀ ਅਰਥ ਰਖਦੇ ਹਨ। 'ਨਾਮੁ' ਨਾਮੀ ਦੀ ਸਿਫਤਿ ਸਲਾਹ ਹੈ। ਸਾਲਾਹੁਣ ਯੋਗ ਨਾਮੀ, ਸਿਫਤਿ ਸਾਲਾਹ ਸਰੂਪਾ ਨਾਮੀ ਸਾਲਾਹੀ ਹੈ। ਨਾਮ ਸਿਫਤਿ ਸਲਾਹ ਹੈ। ਸਚੁ ਨਾਮੁ ਅਭੇਦਾ ਵਾਹਿਗੁਰੂ ਨਾਮੀ ਸੱਚਾ ਕਾਦਰੇ ਮੁਤਲਕ ਕੁਦਰਤਿ ਦਾ ਕਰਨਹਾਰ ਹੁੰਦਾ ਹੋਇਆ ਆਪਣੀ ਕੁਦਰਤਿ ਅੰਦਰਿ ਓਤਿ ਪੋਤਿ ਹੋ ਕੇ ਰਵਿਆ ਹੋਇਆ ਹੈ। ਗੁਰਮਤਿ ਨੇ ਇਸ ਇਲਾਹੀ ਭੇਦ ਨੂੰ ਗੁਰਬਾਣੀ ਦੁਆਰਾ ਭਲੀ ਭਾਂਤ ਸਪਸ਼ਟਾਇ ਕੈ ਜਾਣਾਇਆ ਹੈ। ਕੁਦਰਤਿ ਦੇ ਮਾਲਕ ਕਰਤੇ ਪੁਰਖ ਇਸ ਸੱਚੇ ਕਾਦਰ ਨੇ ਆਪਣੀ ਕੁਦਰਤਿ (ਤਾਕਤ) ਦੁਆਰਾ ਦਿਨ ਰਾਤੀਂ


www.AKJ.Org

(ਦਿਨ ਤੇ ਰਾਤਾਂ) ਬਣਾਈਆਂ ਹਨ। ਐਸੇ ਸੱਚ ਨੂੰ, ਸੱਚੇ ਕਾਦਰ ਵਾਹਿਗੁਰੂ ਕਰਤੇ ਪੁਰਖ ਨੂੰ ਸਦਾ ਸਦਾ ਸਲਾਹੁਣਾ ਯੋਗ ਹੈ। ਯੋਗ ਹੀ ਨਹੀਂ; ਬਲਕਿ ਗੁਰਮਤਿ ਅੰਦਰਿ ਪਰਮ ਧਰਮ ਹੈ। "ਸੋ ਸਚੁ ਸਲਾਹੀ ਸਦਾ ਸਦਾ" ਸਦਾ ਸਦਾ ਸਚੁ ਰੂਪੀ ਸੱਚੇ ਵਾਹਿਗੁਰੂ ਦੀ ਸਿਫਤਿ ਸਾਲਾਹ ਕਰਨ ਦਾ, ਗੁਰਮਤਿ ਅੰਦਰਿ ਪਰਮ ਧਰਮ ਸੰਪੰਨਾ ਹੁਕਮ ਹੈ, ਕਿਉ ਕਿ ਸੱਚੇ ਦੀਆਂ ਵਡਿਆਈਆਂ ਰੂਪੀ ਸਿਫਤਿ ਸਾਲਾਹ ਭੀ ਸਚੁ ਸਰੂਪ ਹੈ "ਸਚੁ ਸਚੇ ਕੀਆ ਵਡਿਆਈਆ।" ਅਗਲੀ ਤੀਜੀ ਤੁਕ ਅੰਦਰ ਕਿਆ ਸੋਹਣਾ ਨਿਰਣਾ ਨਿਰਖਾਇਆ ਹੈ ਕਿ ਸਿਫਤਿ ਸਾਲਾਹ (ਨਾਮੁ) ਭੀ ਸਚੁ ਹੈ (ਸਚ ਸਰੂਪ ਹੈ) ਅਤੇ ਸਾਲਾਹਣ ਯੋਗ 'ਸਾਲਾਹੀ' (ਨਾਮੀ, ਵਾਹਿਗੁਰੂ) ਭੀ 'ਸਚੁ' ਸਰੂਪਾ ਹੈ: "ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥" ਸਾਲਾਹੀ ਵਾਹਿਗੁਰੂ ਨਾਮ ਵਾਲਾ (ਵਾਹਿਗੁਰੂ) ਭੀ ਸਚੁ ਹੈ, ਜਿਸ ਦਾ ਨਾਮ ਲੈਣਾ, ਜਿਸ ਨੂੰ ਸਾਲਾਹਣਾ ਗੁਰਮਤਿ ਦਾ ਪਰਮ ਧਰਮ ਹੈ। ਉਹ ਸਾਲਾਹੀ ਭੀ ਸਚੁ ਹੈ ਅਤੇ ਉਸ ਦੀ ਸਿਫਤਿ ਸਾਲਾਹ (ਸਲਾਹ, ਨਾਮ) ਭੀ ਸਚੁ ਹੈ। ਗੁਰਬਾਣੀ ਅੰਦਰਿ ਨਾਮੀ (ਵਾਹਿਗੁਰੂ ਨੂੰ ਭੀ ਸਚੁ ਕਰ ਕੇ ਬਰਨਿਆ ਗਿਆ ਹੈ ਅਤੇ ਨਾਮ ਨੂੰ ਭੀ ਸਚੁ ਕਰਕੇ ਵਰਨਣ ਕੀਤਾ ਗਿਆ ਹੈ। 'ਸਚੁ' ਨਾਮੀ (ਸਾਲਾਹੀ ਪਰਥਾਇ Epithet) ਦਾ ਗੁਣ ਭੀ ਹੈ ਅਤੇ ਨਾਮ (ਸਾਲਾਹ) ਦਾ ਭੀ। ਇਸ 'ਸਚੁ', ਦੀ ਕੀਮਤਿ ਕਿਸੇ ਨ ਭੀ ਨਹੀਂ ਪਾਈ। ਪਰ 'ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥" ਜਦੋਂ ਸਤਿਗੁਰੂ ਪੂਰਾ ਜਿਨ੍ਹਾਂ ਗੁਰਮੁਖ ਜਨਾਂ ਨੂੰ ਮਿਲਿਆ ਹੈ, ਤਿਨ੍ਹਾਂ ਨੂੰ ਇਸ ਅਗਮ ਅਗੋਚਰ 'ਸਚੁ' ਦੀ ਕੀਮਤਿ ਪਰਤੱਖ ਪਰਗਟ ਪਾਹਾਰੇ ਜਾਪੀ ਹੈ। ਸਚੁ ਤਿਨ੍ਹਾਂ ਨੂੰ ਸਾਮਰਤੱਖ ਦਿਸ ਪਿਆ ਹੈ, ਹਾਜ਼ਰ ਨਦਰੀ ਆਇਆ ਹੈ। ਸੱਚਾ ਸਤਿਗੁਰੂ ਮਿਲੇ ਬਾਝੋਂ, ਸਗੁਰੇ ਹੋਏ ਬਾਝੋਂ, ਗੁਰੂ ਦੇ ਬਣੇ ਬਾਝੋਂ, ਗੁਰਮੁਖ ਸਿਖ ਸਜੇ ਬਾਝੋਂ ਨਿਗੁਰਿਆਂ ਨੂੰ ਇਸ 'ਸਚੁ' ਦੀ ਮਾਹੀਅਤ ਨਜ਼ਰ ਨਹੀਂ ਆਉਂਦੀ, ਨਾ 'ਸਚੁ' ਦੀ ਕੀਮਤਿ ਪੈਂਦੀ ਹੈ। ਜਿਨ੍ਹਾਂ ਗੁਰਮੁਖਾਂ ਨੇ ਸਾਚੁ ਅਰਾਧਿਆ ਹੈ, ਸਚੁ ਸਲਾਹਿਆ ਹੈ, ਸਿਫਤਾਇਆ ਹੈ, ਤਿਨ੍ਹਾਂ ਦੀਆਂ ਭੁਖਾਂ ਸਭ ਗਵਾਈਆਂ ਗਈਆਂ ਤੇ ਡੰਝ ਮਿਟਾਈਆਂ ਗਈਆਂ ਹਨ:

ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥

ਬਸ, ਸਚੁ ਹੈ ਤਾਂ ਸਚੁ ਪਦਾਰਥੁ ਨਾਮੁ ਹੀ ਹੈ। ਨਾਮ ਤੋਂ ਬਿਨਾਂ ਸਚੁ ਹੈ ਹੀ ਨਹੀਂ। ਅਤੇ ਇਹ ਸਚੁ ਗੁਰੂ ਘਰ ਅੰਦਰਿ ਹੀ ਹੈ, ਹੋਰ ਕਿਤੇ ਭੀ ਨਹੀਂ। ਯਥਾ ਗੁਰਵਾਕ :–

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥ [ਸਿਰੀ ਰਾਗ ਮਹਲਾ ੧, ਪੰਨਾ ੨੨

ਸਚੁ ਰੂਪੀ ਵਖਰੁ, ਸਚੁ ਰੂਪੀ ਪਦਾਰਥੁ ਹੈ ਤਾਂ ਨਾਮੁ ਹੀ ਹੈ। ਏਹ ਨਾਮੁ ਰੂਪੀ ਸਚੁ, ਨਾਮ ਰੂਪੀ ਸਚੁ ਪਦਾਰਥੁ, ਨਾਮ ਰੂਪੀ ਸਚੁ ਵਖਰੁ ਹੀ ਮਾਣਕੁ ਹੈ, ਸਚੁ ਨਾਮੁ ਹੀ ਰਤਨੁ ਹੈ। ਸਚੁ ਨਾਮੁ ਹੀ ਹੀਰਾ ਲਾਲੁ ਹੈ। ਏਹ ਘਟਿ ਘਟਿ ਗਹਿਰ ਗੰਭੀਰ ਸਚੁ ਗੁਰਮਤਿ ਦੁਆਰਾ ਗੁਰ ਪ੍ਰਸਾਦ ਕਰਿ ਮਨ ਮਾਹਿ ਹੀ ਲਖੀਦਾ ਹੈ। ਏਹ ਹੀਰਾ ਰਤਨ (ਸਚੁ) ਤਿਨ੍ਹਾਂ ਗੁਰਮੁਖਾਂ ਨੂੰ ਹੀ ਲਭਦਾ ਹੈ, ਜਿਨ੍ਹਾਂ ਉਤੇ ਵਾਹਿਗੁਰੂ ਹਰੀ ਪਰਮਾਤਮਾ ਦੀ ਦਇਆ ਮੇਹਰ ਨਦਰ ਹੁੰਦੀ ਹੈ, ਹੋਰ ਕਿਸੇ ਨੂੰ ਨਹੀਂ ਲਭਦਾ। ਅਗਲੇ ਗੁਰ ਵਾਕ ਅੰਦਰਿ 'ਸਚੁ' ਖ਼ੂਬ ਹੀ ਸਪੱਸ਼, ਸਿਫਤਿ ਸਾਲਾਹੀ ਅਰਥਾਂ ਵਿਚਿ ਖ਼ੂਬਾਇਆ ਗਿਆ ਹੈ। ਯਥਾ :–

ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥
ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥
ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥
ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥
ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥

(ਗਉੜੀ ਕੀ ਵਾਰ ਮਹਲਾ ੪, ਪੰਨਾ ੩੧੨



www.AKJ.Org

ਵਿਆਖਿਆ—ਸੱਚੇ ਵਾਹਿਗੁਰੂ ਜੀ ਦੀ ਸਿਫਤਿ ਸਲਾਹ **ਸਚੁ ਸਰੂਪ ਹੈ**। ਸਿਫਤਿ ਸਲਾਹ ਹੈ ਨਾਮੁ। ਤਾਂ ਤੇ ਸਚੇ ਵਾਹਿਗੁਰੂ ਦਾ ਨਾਮੁ ਹੀ ਸਚੁ ਸਰੂਪ ਹੈ। ਨਾਮੀ ਸੱਚੇ ਦਾ ਨਾਮ ਏਥੇ ਸਪੱਸ਼ਟ ਸਚੁ ਸਰੂਪ ਦਸਿਆ ਗਿਆ ਹੈ। ਇਸ ਸਚੁ ਰੂਪੀ ਨਾਮੁ ਮਈ ਸਿਫਤਿ ਸਲਾਹ ਨੂੰ ਸੋਈ ਗੁਰਮੁਖ ਜਨੁ ਵਾਸਤਵੀ ਸਿਮਰਨ ਵਿਚਿ ਕਰਦਾ ਹੈ, ਤਿਸੇ ਗੁਰਮੁਖ ਜਨ ਦੀ ਸਚੁ ਨਾਮੁ ਰੂਪੀ ਸਿਫਤਿ ਸਾਲਾਹ ਕੀਤੀ ਪਰਵਾਨ ਪੈਂਦੀ ਹੈ, ਜਿਸ ਦਾ ਸਿਫਤਿ ਸਾਲਾਹ ਕਰ ਕੇ (ਨਾਮੁ ਜਪ ਕੇ) ਅੰਦਰੁ ਭਿਜ ਜਾਂਦਾ ਹੈ, ਸ਼ਬਦ ਰਸ ਨਾਲਿ ਪਰਸਿੱਜ ਜਾਂਦਾ ਹੈ। ਜਿਨ੍ਹਾਂ ਨੂੰ ਸਿਮਰਨ ਦਾ ਰਸੁ ਆਉਂਦਾ ਹੈ, ਜਿਨ੍ਹਾਂ ਦਾ ਅੰਦਰਲਾ ਸਿਮਰਨ ਸੁਆਦ ਨਾਲਿ ਗੁਧਿਆ ਜਾਂਦਾ ਹੈ, ਤਿਨ੍ਹਾਂ ਦਾ ਹੀ ਨਾਮ ਜਪਿਆ, ਸਾਲਾਹਿਆ, ਸਿਮਰਿਆ ਸੱਚੇ ਲੇਖੇ ਲਗਦਾ ਹੈ। ਜਿਨ੍ਹਾਂ ਨੂੰ ਸਿਮਰਨ ਦਾ ਸੁਆਦ ਰਸੁ ਅੰਤਰਗਤਿ ਆ ਗਿਆ, ਸੋ ਫਿਰ ਸਿਮਰਨ ਨੂੰ ਛਡਿ ਨਹੀਂ ਸਕਦੇ। ਤਿਨ੍ਹਾਂ ਤੋਂ ਸਿਮਰਨ ਛੁਟਦਾ ਹੀ ਨਹੀਂ, ਅੰਦਰੁ ਨਾਮ-ਰਸ ਗੁੱਧਾ ਤੇ ਗੀਧਾ ਹੋਣ ਕਰਿ ਓਹਨਾਂ ਦੀ ਸੁਰਤੀ ਬਿਰਤੀ ਸੁਤੇ ਸੁਭਾਵ ਹੀ ਸਿਮਰਨ ਸੇਤੀ ਪ੍ਰੋਤੀ ਜਾਂਦੀ ਹੈ। ਓਹੀ ਇਕ-ਮਨ ਇਕ-ਚਿਤ ਹੋ ਕੇ ਸੁਰਤ-ਸੁਆਸੀਆ ਨਾਮ ਅਭਿਆਸ ਸਹਜ ਸੁਭਾਵ ਕਰਨ ਵਿਚਿ ਤੱਤਪਰ ਰਹਿੰਦੇ ਹਨ। ਇਸ ਬਿਧਿ ਜਿਨ੍ਹਾਂ ਸ਼ਬਦ-ਸੁਰਤਿ-ਗੁਰਮੁਖ ਜਨਾਂ ਨੇ ਇਕ-ਮਨ ਹੋ ਕੇ ਇਕ ਅਕਾਲ ਪੁਰਖ ਨੂੰ ਆਰਾਧਿਆ ਹੈ ਤਿਨ੍ਹਾਂ ਦਾ ਆਤਮ-ਪਰਮਾਤਮੀ ਇਕ-ਤਾਰ ਜੋਤਿ ਪ੍ਰੋਤਾ ਅੰਦਰਲਾ ਮੇਲੁ ਕਦੇ ਟੁਟਦਾ ਨਹੀਂ। "ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ।" ਕੱਕੇ ਨੂੰ ਔਂਕੁੜ ਵਾਲਾ 'ਇਕੁ' ਇਕ ਅਕਾਲ ਪੁਰਖ ਦਾ ਬੋਧਕ ਹੈ। ਇਕ ਅਕਾਲ ਪੁਰਖ ਨੂੰ ਅਰਾਧਨ ਦਾ ਭਾਵ ਇਕੋ ਵਾਹਿਗੁਰੂ ਨਾਮੁ ਜਪਣਾ ਹੈ। ਜਿਵੇਂ ਨਾਮ ਨਾਮੀ ਅਭਦ ਹਨ, ਇਸ ਪ੍ਰਕਾਰ ਇਕ-ਮਨ ਇਕ-ਚਿੱਤ ਕਰਕੇ ਨਾਮ ਜੁਪਣਾ ਵਾਲੇ ਗੁਰਮੁਖਾਂ ਦੇ ਅ ਤਮਾ ਅਤੇ ਪਰਮਾਤਮਾ ਵਿਚਾਲੇ ਕੋਈ ਅੰਤਰਾ ਨਹੀਂ ਰਹਿੰਦਾ। ਓਹ ਪੁਰਖ ਧੰਨਤੀ ਯੋਗ ਹਨ ਅਤੇ ਸ਼ਾਬਾਸ਼ ਦੇ ਪਾਤਰ ਹਨ, ਜਿਨ੍ਹਾਂ ਦੀ ਰਸਨਾ ਹਰ ਦਮ ਸਚੁ-ਅੰਮ੍ਰਿਤ-ਰਸੁ ਨੂੰ ਪੀਂਦੀ ਚੂਸਦ ਰਹਿੰਦੀ ਹੈ। 'ਸਚੁ ਅੰਮ੍ਰਿਤੁ' ਤੋਂ ਭਾਵ ਨਾਮੁ ਅੰਮ੍ਰਿਤੁ ਰਸੁ ਹੈ। ਐਸਾ 'ਸਚੁ' (ਨਾਮ) ਅਤੇ ਸੱਚਾ (ਨਾਮੀ ਵਾਹਿਗੁਰੂ) ਜਿਨ੍ਹਾਂ ਦੇ ਮਨ ਅੰਦਰਿ ਭਾਵਨੀ ਕਰ ਕੇ ਵਸ ਗਿਆ ਹੈ, ਸੋਈ ਗੁਰਮੁਖ ਜਨ ਸੱਚੀ ਦਰਗਾਹੇ ਉਭਰਦੇ ਹਨ ਅਤੇ ਵਾਹਿਗੁਰੂ ਸੱਚੇ ਦੇ ਅੰਚਲ ਲਗਦੇ ਹਨ। ਐਸਾ ਸਚੁ ਨਾਮ ਹੀ ਸੱਚੀ ਦਰਗਹ ਦਾ ਵਾਸਲੁ ਹੈ। ਸਚੁ ਨਾਮ ਹੀ ਤਿਨ੍ਹਾਂ ਦਾ ਮੁਖ ਉੱਜਲ ਕਰਨਹਾਰਾ ਹੈ। ਐਥੇ ਓਥੇ ਸਚੁ (ਨਾਮ) ਹੀ ਤਿਨ੍ਹਾਂ ਨੂੰ ਸੁਰਖ਼ਰੂ ਕਰਦਾ ਹੈ।

['ਗੁਰਮਤਿ ਸੱਚ ਨਿਰਣੈ' ਪੁਸਤਕ ਵਿਚੋਂ

---

[੧੯ ਸਫ਼ੇ ਦੀ ਬਾਕੀ]

ਜਾਤਿ-ਪਾਤਿ ਦਾ ਭਿੰਨ ਭੇਦ ਨਹੀਂ।

ਚੌਥੇ, ਇਸ ਸਾਰੇ ਜੀਵਨ-ਸਿਧਾਂਤ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਕਿਸੇ ਭਰਮ ਵਹਿਮ, ਕਲਪਿਤ ਮੰਨਤਾ ਜਾਂ ਅੰਧ ਵਿਸ਼ਵਾਸ ਦੀ ਗੁੰਜੇਸ਼ ਨਹੀਂ; ਬਲਕਿ ਗਿਆਨ-ਪ੍ਰਕਾਸ਼ ਤੇ ਜ਼ੋਰ ਹੈ।

ਪੰਜਵੇਂ, ਇਸ ਦਾ ਜੀਵਨ-ਆਦਰਸ਼ ਪਰਲੋਕ ਜਾਂ ਮੁਕਤੀ ਹੀ ਨਹੀਂ, ਸੰਤੁਲਤ ਜੀਵਨ ਤਿਆਰ ਕਰ ਕੇ ਸਚਿਆਰ ਹੋਣਾ ਤੇ ਸਮਾਜ ਦੀ ਸੇਵਾ ਕਰਨਾ ਹੈ, ਇਸ ਕਰਕੇ ਸੰਸਾਰੀ ਜੀਵਨ ਦਾ ਤ੍ਰਿਸਕਾਰ ਨ ਕਰ ਕੇ ਸਗੋਂ ਸਤਿਕਾਰ ਕੀਤਾ ਹੈ। ਹੋਰ ਗਿਆਨ-ਗ੍ਰੰਥਾਂ ਵਾਂਗ ਇਸ ਸੰਸਾਰ ਦੀ, ਸਰੀਰ ਦੀ, ਇਸਤ੍ਰੀ ਜਾਂ ਗ੍ਰਿਹਸਤ ਦੀ ਬੇਮਤਲਬੀ ਨਿਖੇਧੀ ਨਹੀਂ ਕੀਤੀ।

ਛੇਵੇਂ, ਇਹ ਦੈਵੀ ਗਿਆਨ ਤੇ ਆਚਾਰ-ਵਿਗਿਆਨ ਦਾ ਵਖਿਆਨ ਸਾਹਿਤਕ ਤੇ ਸੰਗੀਤਕ ਜਾਮੇ ਵਿਚ ਪੇਸ਼ ਕਰ ਕੇ ਕਲਾਤਮਕ ਬਣਾਇਆ ਗਿਆ ਹੈ, ਤਾਂਕਿ ਹਰ ਕੋਈ ਇਸ ਦਾ ਪ੍ਰਭਾਵ ਗ੍ਰਹਿਣ ਕਰ ਸਕੇ।

ਸਤਵੇਂ, ਭਾਸ਼ਾ ਦੀ ਸਰਲਤਾ ਅਤੇ ਸ਼ੈਲੀ ਦੀ ਸੁਹਜ ਭਰੀ ਸਾਦਗੀ ਇਸ ਨੂੰ ਸਾਰੇ ਭਾਰਤ ਦਾ ਸਾਂਝਾ ਧਰਮ-ਗ੍ਰੰਥ ਮੰਨਣ ਦਾ ਮਾਰਗ ਖੋਲ੍ਹਦੀ ਹੈ। ਜਿਉਂ ਜਿਉਂ ਇਸ ਦੀ ਵਡਿਆਈ ਦੇ ਅਨੇਕ ਪੱਖ ਉਜਾਗਰ ਹੋਣਗੇ, ਤਿਉਂ ਤਿਉਂ ਸਾਰੀ ਮਨੁੱਖਤਾ ਹੀ ਇਸ ਨੂੰ ਆਪਣਾ ਕਲਿਆਣਕਾਰੀ ਗ੍ਰੰਥ ਮੰਨ ਕੇ ਅਪਣਾਏਗੀ।


www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿੰਨ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰੂ ਸਾਹਿਬਾਂ ਦਾ ਸੱਚਾ ਸਰੂਪ ਜਾਣਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਪੂਰਾ ਅਦਬ ਸਨਮਾਨ ਕਰਦੇ ਹਨ। ਸਿਰ ਸ਼ਾਹਾਂ ਦੇ ਸੱਚਾ ਸ਼ਾਹ, ਗੁਰੂ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਗੁਰੂ ਪਾਤਸ਼ਾਹ ਦੇ ਅਨਿੰਨ ਗੁਰਸਿਖਾਂ ਦਾ ਪੂਰਾ ਪੂਰਾ ਧਰਮ ਮਿਆਰ ਹੈ। ਅਦਬ ਸਨਮਾਨ ਹੇਠ ਲਿਖੀਆਂ ਸਿੱਖੀ ਸਿਦਕ ਦੀਆਂ ਅਨਿੰਨਤਾ ਪੂਰਤ ਸ਼ਰਧਾ-ਭਾਵਨੀਆਂ ਨਾਲ ਆਉਂਦਾ ਹੈ :—

(੧) ਮਨ, ਬਚਨ, ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਕਲਿਆਣਕਾਰੀ ਗੁਰੂ ਸਮਝਣਾ ਅਤੇ ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਹੋਰ ਕਿਸੇ ਵੀ ਦੇਹਧਾਰੀ ਡਿੰਭੀ ਗੁਰੂ ਉਤੇ ਕਲਿਆਣਕਾਰੀ ਗੁਰੂ ਵਾਲੀ ਸ਼ਰਧਾ ਨਹੀਂ ਲਿਆਵਣੀ।

(੨) ਗੁਰੂ ਸੰਗਤ ਦੇ ਸਮਾਗਮ ਵਿਚ ਜਦੋਂ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤਾਂ ਉਚੇ ਸੁਚੇ ਸਿੰਘਾਸਨ ਉੱਤੇ ਹੋਵੇ।

(੩) ਪ੍ਰਕਾਸ਼ ਰੂਪ ਸਿੰਘਾਸਨ ਸਰੂਪ ਉੱਤੇ ਸਜਾਏ ਹੋਏ ਬਸਤਰ ਚਾਹੇ ਸਿੱਧੇ ਸਾਦੇ ਹੀ ਹੋਣ, ਪ੍ਰੰਤੂ ਸਵੱਛ ਅਤੇ ਸਾਫ਼ ਕੀਤੇ ਹੋਣ। ਰੰਗਦਾਰ ਅਤੇ ਰੇਸ਼ਮੀ ਰੁਮਾਲਾਂ (ਪਟੋਲਿਆਂ) ਦਾ ਸਜਾਉਣਾ ਜ਼ਰੂਰੀ ਨਹੀਂ। ਖਾਸ ਕਰ ਗੁਰੂ ਪਾਤਸ਼ਾਹੀਆਂ ਦੀਆਂ ਬਨਾਵਟੀ ਤਸਵੀਰਾਂ ਵਾਲੇ ਰੁਮਾਲੇ ਅੱਗੇ ਅਤੇ ਉੱਤੇ ਸਜਾਉਣੇ ਮਹਾਂ ਮਨਮਤਿ ਵਿਚ ਦਾਖ਼ਲ ਹਨ।

(੪) ਸਿੰਘਾਸਨੀ ਰੁਮਾਲੇ ਸਿੱਧੇ ਸਾਦੇ ਤੇ ਸਾਫ਼ ਘਟ ਤੋਂ ਘਟ ਪੰਜ ਹੋਣੇ ਚਾਹੀਦੇ ਹਨ।

(੫) ਸੁਖਾਸਨੀ ਸਿੰਘਾਸਨ ਨਿਰਾਲੇ ਪੀੜ੍ਹੇ ਜਾਂ ਪਲੰਘ ਤੇ ਹੋਵੇ। ਹੇਠਾਂ ਗੁਦੇਲੇ ਜ਼ਰੂਰ ਵਿਛਾਏ ਜਾਣ ਅਤੇ ਉੱਪਰ ਚਾਨਣੀ ਜ਼ਰੂਰ ਹੋਵੇ।

(੬) ਕਿਸੇ ਅਲਮਾਰੀ ਵਿਚ ਤਾੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖਣਾ ਅਨਿੰਨਤਾ ਵਾਲੀ ਸਿੱਖੀ ਸਿਦਕ ਹੀਨਤਾ ਦੀ ਨਿਸ਼ਾਨੀ ਹੈ। ਜਿਸ ਗਰੀਬ ਦੇ ਗ੍ਰਹਿ ਵਿਖੇ ਵੱਖਰਾ ਕਮਰਾ ਸੁਖਾਸਨ ਵਾਲਾ ਤੇ ਪਲੰਘ-ਪੀੜ੍ਹਾ ਵਿਛਾਵਣ ਵਾਲਾ ਨਾ ਹੋਵੇ, ਉਹ ਵਿਚਾਰੇ ਗਰੀਬ ਸਿੱਖ ਆਪਣੀ ਵਿਤ ਅਨੁਸਾਰ, ਪਰ ਪੂਰਨ ਅਦਬ ਸਨਮਾਨ ਨਾਲ ਅਲਮਾਰੀ ਦੇ ਖੁਲ੍ਹੇ ਖ਼ਾਨੇ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਜਮਾ ਸਕਦੇ ਹਨ। ਪਰ ਉਹ ਖੁਲ੍ਹਾ ਖ਼ਾਨਾ ਹੇਠਾਂ ਉੱਤੇ ਸਿੱਧੇ ਸਾਦੇ ਗ਼ਰੀਬੋ ਗ਼ਰੀਬੀ ਵਾਲੇ ਬਸਤਰਾਂ ਨਾਲ ਸਸ਼ੋਭਤ ਹੋਵੇ।

(੭) ਸੁਖਾਸਨ ਵਾਲੇ ਅਸਥਾਨ ਵਿਖੇ ਧੂਪ ਧੁਖਾਣੀ ਅਤੀ ਜ਼ਰੂਰੀ ਹੈ।

(੮) ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਗੁਰੂ ਸਾਹਿਬਾਨ ਦਾ ਆਤਮਕ ਸਰੂਪ, ਉਸਨ ਸੀਤ ਅਤੇ ਖੁਧਿਆ-ਤ੍ਰਿਖਾ ਤੋਂ ਨਿਰਾਲਮ ਅਤੇ ਨਿਰਲੇਪ ਹੈ। ਇਸ ਕਰਕੇ ਗੁਰੂ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੁਨਾਲੇ ਸਿਆਲੇ ਦੇ ਖ਼ਿਆਲ ਅਨੁਸਾਰ ਬਸਤਰ ਉਢਾਵਣੇ ਅਤੇ ਭੋਗ ਲੁਆਉਣਾ ਇਹ ਨਿਰੀ ਆਨਮਤੀਆਂ ਵਾਲੀ ਕਿਰਿਆ ਹੈ।

(੯) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਰੂਪੀ ਦਰਬਾਰ ਵਿਚ, ਜਾਂ ਸਿੰਘਾਸਨੀ ਅਸਥਾਪਨ ਉੱਤੇ ਦਸਾਂ ਗੁਰੂ ਪਾਤਸ਼ਾਹੀਆਂ ਦੀਆਂ ਬਨਾਵਟੀ ਤਸਵੀਰਾਂ ਅੱਗੇ ਪਿੱਛੇ ਰੱਖ ਕੇ ਸਜਾਵਣੀਆਂ ਨਿਰੀ ਮਨਮਤਿ ਹੈ।

(੧੦) ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੋਣ, ਉਸ ਦਰਬਾਰੀ ਕਮਰੇ ਨੂੰ ਭਲੀ ਭਾਂਤ ਸਫ਼ਾਈ ਸਹਿਤ ਸਜਾਵਣਾ ਅਤਿਅੰਤ ਜ਼ਰੂਰੀ ਹੈ ਅਤੇ ਦਰਬਾਰ ਵਿਖੇ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਚੋਰ ਕਰਨਾ



www.AKJ.Org

ਵੀ ਪਰਮ ਸਨਮਾਨੀਕ ਅਤੇ ਅਦਬ ਪੂਰਤ ਹੈ, ਪ੍ਰੰਤੂ ਜਦ ਤਾਈਂ ਪਾਠੀ ਸਿੰਘ ਪਾਠ ਨਾ ਕਰੇ ਅਤੇ ਵਾਕ ਨਾ ਲਵੇ ਓਦੋਂ ਤਾਈਂ ਕੋਈ ਸਿੰਘ ਸੱਜਣ ਖੜਾ ਹੋ ਕੇ ਚੌਰ ਕਰਦਾ ਰਹੇ।

(੧੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਸਮੇਂ ਜਾਂ ਵਾਕ ਲੈਣ ਸਮੇਂ ਜੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ, ਉਹ ਪੰਜ-ਇਸ਼ਨਾਨਾ ਕਰ ਕੇ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਇਸ ਪ੍ਰਕਾਰ ਬੈਠਣਾ ਪੂਰਨ ਅਦਬ ਸਨਮਾਨਤਾ ਦੀ ਨਿਸ਼ਾਨੀ ਹੈ। ਜੋ ਕਾਹਲੇ ਬਿਵਹਾਰੀ ਲੋਕ ਬਿਨਾਂ ਪੰਜ-ਇਸ਼ਨਾਨਾ ਕੀਤੇ ਦੇ ਜੋੜਿਆਂ ਵਾਲੇ ਪੈਰਾਂ ਸਮੇਤ ਨਿਰਝੱਕ ਹੋ ਕੇ ਤਾਬੇ ਸਜ ਜਾਂਦੇ ਹਨ, ਉਹ ਅਨਿੰਨ ਸ਼ਰਧਾ ਵਾਲੇ ਸਿੱਖ ਨਹੀਂ ਕਹਾ ਸਕਦੇ। ਇਹ ਬੜੀ ਭਾਰੀ ਬੇਅਦਬੀ ਹੈ। ਜੋ ਲੋਕ ਮੈਦਾਨੇ (ਪਾਖ਼ਾਨੇ) ਜਾਣ ਵਾਲੇ ਪਜਾਮੇ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ ਉਹ ਬੜੀ ਭਾਰੀ ਭੁਲ ਕਰਦੇ ਹਨ। ਸੱਚੀ ਸੁਚਿਆਰਤਾ ਇਹ ਹੈ ਕਿ ਪਜਾਮਾ ਲਾਹ ਕੇ ਅਤੇ ਪੰਜ-ਇਸ਼ਨਾਨਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆ ਜਾਵੇ। ਜਿਨ੍ਹਾਂ ਲੋਕਾਂ ਦੇ ਤੇੜ ਕਛਹਿਰੇ ਨਹੀਂ ਹੁੰਦੇ ਜਾਂ ਅਟਪਟੇ ਕਛਹਿਰੇ (ਨਿੱਕਰਾਂ) ਪਾਏ ਹੁੰਦੇ ਹਨ, ਉਹ ਆਪਣਾ ਪਾਜ ਉਘੜਨ ਤੋਂ ਡਰਦੇ ਅਕਸਰ ਪਜਾਮੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ।

(੧੨) ਮਾਈਆਂ ਬੀਬੀਆਂ ਲਈ ਇਹ ਹੁਕਮ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਣ ਸਮੇਂ ਅਣਲਗ ਸਲਵਾਰਾਂ ਪਜਾਮੇ ਪਾ ਕੇ ਬੈਠਣ, ਕਦੀ ਵੀ ਵਰਤੋਂ ਵਿਚ ਆਏ ਸੜੇ ਹੋਏ ਪਜਾਮੇ (ਸਲਵਾਰਾਂ) ਪਾ ਕੇ ਨਾ ਬੈਠਣ। ਉਹ ਜ਼ਰੂਰ ਪੈਰ ਧੋ ਕੇ ਬੈਠਣ। ਜੋ ਸਲਵਾਰ (ਪਜਾਮਾ) ਜੁੱਤੀ ਨਾਲ ਲੱਗ ਚੁਕਿਆ ਹੋਵੇ, ਉਹ ਵੀ ਪਹਿਨ ਕੇ ਤਾਬੇ ਨਾ ਬੈਠਣ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸਵੱਛ ਸਲਵਾਰ ਪਜਾਮੇ ਦਾ ਪਹਿਰਾਵਾ ਗੁਰੂ-ਦਰਬਾਰੀ-ਪੁਸ਼ਾਕ ਵਿਚ ਸ਼ਾਮਲ ਹੈ।

ਇਹੋ ਕਾਰਨ ਹੈ ਕਿ ਅਸੀਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਕਟੀ ਸੇਵਾਦਾਰਾਂ ਨੂੰ ਪਜਾਮੇ ਸਜਾਏ ਵੇਖਦੇ ਹਾਂ, ਪ੍ਰੰਤੂ ਇਹ ਗੱਲ ਵਿੱਦਿਤ ਰਹੇ ਕਿ ਉਨ੍ਹਾਂ ਦੇ ਇਸ ਸੇਵਾ, ਨਿਕਟਤਾ ਨਮਿੱਤ ਸਜਾਏ ਹੋਏ ਪਜਾਮੇ ਖ਼ਾਸ ਰੱਖੇ ਹੁੰਦੇ ਹਨ, ਜਿਨ੍ਹਾਂ ਨੂੰ ਉਹ ਸਿਰਫ਼ ਉਸ ਸੇਵਾ ਸਮੇਂ ਹੀ ਸਜਾਉਂਦੇ ਹਨ, ਆਮ ਖ਼ਾਸ ਵਰਤੋਂ ਵਿਚ ਨਹੀਂ ਲਿਆਉਂਦੇ। ਜੋ ਨਿਕਟੀ ਸੇਵਾਦਾਰ ਇਸ ਅਦਬ ਸਨਮਾਨਤਾ ਪੂਰਤ ਧਾਰਨਾ ਨੂੰ ਨਹੀਂ ਧਾਰਦਾ, ਉਹ ਗੁਰੂ ਸਾਹਿਬ ਦਾ ਪੂਰਾ ਦੇਣਹਾਰ ਹੁੰਦਾ ਹੈ। ਤਿਨ੍ਹਾਂ ਗੁਰੂ ਦਰਬਾਰੀ ਨਿਕਟੀ ਸੇਵਾਦਾਰਾਂ ਦੀ ਰੀਸੇ ਜੋ ਪੁਰਸ਼ ਨਿਝੱਕ ਹੋ ਕੇ, ਹਰ ਪ੍ਰਕਾਰ ਦਾ ਮੈਲਾ ਕੁਚੈਲਾ ਪਜਾਮਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਜਾ ਬੈਠਦੇ ਹਨ, ਉਹ ਲੋਕ ਅਦਬ ਸਨਮਾਨਤਾ ਵਾਲੀ ਰਹਿਤ-ਰਹਿਣੀ ਤੋਂ ਉੱਕੇ ਹੀ ਬੰਚਿਤ ਹਨ। ਤਿਨ੍ਹਾਂ ਦੀ ਅਨਿਨ ਭਗਤੀ ਕੀਤੀ ਹੋਈ ਕਦੇ ਵੀ ਪੂਰਨ ਤੌਰ ਤੇ ਫਲਦਾਇਕ ਨਹੀਂ ਹੁੰਦੀ।

ਕਈ ਨਾਮ-ਧਰੀਕ ਨਿਰਭੈ ਸਿੱਖ ਅਸੀਂ ਐਸੇ ਵੀ ਡਿੱਠੇ ਹਨ, ਜੋ ਸੜੇ ਹੋਏ ਪਜਾਮੇ ਅਤੇ ਸੜੀਆਂ ਹੋਈਆਂ ਜੁਰਾਬਾਂ ਵਾਲੇ ਪੈਰਾਂ ਸਮੇਤ ਹੀ ਸ੍ਰੀ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ ਅਤੇ ਨਿਰਭੈ ਹੋ ਕੇ ਪਾਠ ਕਰਨ ਲਗ ਪੈਂਦੇ ਹਨ। ਉਨ੍ਹਾਂ ਦੇ ਪੈਰਾਂ ਵਿਚ ਪਾਏ ਹੋਏ ਬੂਟਾਂ ਵਾਲੀਆਂ ਜੁਰਾਬਾਂ ਤੋਂ ਸੜੇ ਹੋਏ ਚਮੜੇ ਦਾ ਮੁਸ਼ਕ ਆਉਂਦਾ ਹੈ। ਫੇਰ ਵੀ ਉਹ ਇਸ ਤਰ੍ਹਾਂ ਤਾਬੇ ਬੈਠਣ ਸਮੇਂ ਪ੍ਰਵਾਹ ਨਹੀਂ ਕਰਦੇ। ਉਂਜ ਉਹ ਗੁਰ-ਦਰਸ਼ਨਾਂ ਦੇ ਪੱਕੇ ਨੇਮੀ ਪ੍ਰੇਮੀ ਆਪਣੇ ਆਪ ਨੂੰ ਜ਼ਾਹਰ ਕਰਦੇ ਹਨ ਅਤੇ ਬੜੇ ਦਾਅਵੇ ਨਾਲ ਕਹਿੰਦੇ ਹਨ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਉੱਕਾ ਹੀ ਅੰਨ-ਜਲ ਪਾਨ ਨਹੀਂ ਕਰਦੇ ਅਤੇ ਨਾ ਹੀ ਕਿਸੇ ਕੰਮ ਨੂੰ ਹੱਥ ਲਾਉਂਦੇ ਹਾਂ। ਅਸੀਂ ਉਨ੍ਹਾਂ ਦੀ ਇਸ ਨੇਮ ਭਰੀ ਨਿੰਮਰਤਾ ਤੋਂ ਕੁਰਬਾਨ ਜਾਂਦੇ ਹਾਂ। ਕਾਸ਼ ਕਿ ਉਹ ਉਪਰ ਦੱਸੀ ਸ਼ਰਧਾ ਸਨਮਾਨਤਾ ਦੇ ਵੀ ਧਾਰਨੀ ਹੋਣ!

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ



www.AKJ.Org

# ਗੁਰੂ - ਬਾਣੀ

[ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ, ਕਲਮ ਮੰਦਿਰ, ਪਟਿਆਲਾ]

ਅਧਿਆਤਮਕ ਜੀਵਨ ਦਾ ਮਾਰਗ-ਦਰਸ਼ਕ 'ਗੁਰੂ' ਹੈ ਤੇ ਉਸ ਦੀ ਅਨੁਭਵੀ ਦੈਵੀ ਕਵਿਤਾ—ਗੁਰਬਾਣੀ। ਇਹ ਸੰਕੇਤ ਖ਼ਾਸ ਤੌਰ ਤੇ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ੬ ਜਾ-ਨਸ਼ੀਨ ਸਤਿਗੁਰਾਂ ਦੀ ਅਧਿਆਤਮਕ ਰਚਨਾ ਲਈ ਵਰਤਿਆ ਜਾਂਦਾ ਹੈ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਨੂੰ 'ਗੁਰਬਾਣੀ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਬਾਣੀ ਦਾ ਲੱਛਣ ਕਰਦਿਆਂ ਸਤਿਗੁਰਾਂ ਕਿਹਾ ਹੈ, ਜਿਸ ਵਿਚ ਪਰਮ-ਤੱਤ (ਨਾਮ) ਦਾ ਵਖਿਆਨ ਹੋਵੇ ਤੇ ਇਹ ਵਖਿਆਨ ਕੇਵਲ ਜ਼ਬਾਨੀ-ਕਲਾਮੀ ਨਾ ਹੋਵੇ, ਸਗੋਂ ਅੰਦਰਲੇ ਆਤਮਿਕ ਅਨੁਭਵ ਵਿਚੋਂ ਸਫੁਟਿਤ ਹੋਵੇ, ਕਹਿਣ ਵਾਲੇ ਦੀ ਆਤਮਾ, ਪਰਮ ਆਤਮਾ ਨਾਲ ਇਕ-ਸੁਰ ਹੋ ਕੇ ਸੁਰ ਕੱਢੇ—

ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ, ਸੁਰਤੀ ਕਰਮਿ ਧਿਆਈ ॥੧॥੧੬॥

[ਵਾਰ ਸਾਰੰਗ, ਸਲੋਕ ਮ: ੨, ਪੰਨਾ ੧੨੪੩

ਗੁਰਬਾਣੀ ਵਿਚ ਕੁਝ ਅਜਿਹੇ ਸੰਕੇਤ ਆਏ ਹਨ ਕਿ ਇਹ ਧੁਰ ਕੀ ਬਾਣੀ ਹੈ, ਪ੍ਰਭੂ ਦਾ ਹੁਕਮ ਹੈ, ਰੱਬੀ ਨਾਦ ਹੈ। ਫ਼ੁਰਮਾਨ ਹੈ—

ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥੩॥

[ਸੂਹੀ ਮ: ੫, ਪੰਨਾ ੭੬੩

ਸੋ ਨਾਮ, ਹੁਕਮ, ਸਬਦ, ਬਾਣੀ, ਗੁਰੂ ਆਦਿ ਸੰਕੇਤ ਸਭ ਦੈਵੀ ਗਿਆਨ ਲਈ ਵਰਤੇ ਗਏ ਹਨ। ਇਹ ਇਸ ਕਰਕੇ ਕਿ ਇਹ ਦੈਵੀ ਰੂਹਾਂ ਪਰਮ ਜੋਤਿ ਨਾਲ ਇਕ-ਸੁਰ ਹੋ ਕੇ ਜੋ ਕੁਝ ਕਹਿੰਦੀਆਂ ਸਨ, ਉਹ ਉਨ੍ਹਾਂ ਦਾ ਨਿਜੀ ਵਿਚਾਰ ਨਹੀਂ, ਸਗੋਂ ਪਰਮ-ਤੱਤ ਦਾ ਵਿਚਾਰ ਹੁੰਦਾ ਸੀ। ਇਸੇ ਕਰਕੇ ਗੁਰਬਾਣੀ ਨੂੰ ਪ੍ਰਭੂ ਦਾ ਹੁਕਮ ਜਾਂ ਪ੍ਰਭੂ ਪਰਮੇਸ਼ਰ ਦਾ ਰੂਪ ਕਿਹਾ ਗਿਆ ਹੈ—

ਗੁਰ ਮਹਿ ਆਪੁ ਸਮੋਇ, ਸਬਦੁ ਵਰਤਾਇਆ ॥੨॥

[ਵਾਰ ਮਲਾਰ ਮਹਲਾ ੧, ਪੰਨਾ ੧੨੭੯

ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ ਅਵਰੁ ਨ ਕੋਇ ॥੧॥੧੮॥

[ਵਾਰ ਗੂਜਰੀ, ਸਲੋਕ ਮ: ੩, ਪੰਨਾ ੫੧੫

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥੨॥੧੦॥

[ਸੋਰਠਿ ਵਾਰ, ਮ: ੩, ਪੰਨਾ ੬੪੬

ਸਤਿਗੁਰਾਂ ਇਕ ਗੱਲ ਹੋਰ ਕੀਤੀ ਕਿ ਉਨ੍ਹਾਂ ਗੁਰਬਾਣੀ ਨੂੰ 'ਗੁਰੂ' ਦੀ ਪਦਵੀ ਦੇ ਕੇ ਸਤਿਕਾਰਿਆ। ਇਸ ਦਾ ਤਾਤਪ੍ਰਜ ਇਹ ਸੀ ਕਿ ਰੂਹਾਨੀ ਰਹਿਨੁਮਾਈ, ਹਰ ਸਮੇਂ, ਹਰ ਥਾਂ ਹਰ ਇਕ ਨੂੰ ਮਿਲਦੀ ਰਹੇ। ਦੇਹਧਾਰੀ ਵਿਅਕਤੀ ਸਰਬ-ਪਰਵਾਣ ਨਹੀਂ ਹੋ ਸਕਦਾ, ਸਰਬ-ਵਿਆਪਕ ਨਹੀਂ ਹੋ ਸਕਦਾ ਅਤੇ ਸਦਾ ਸਥਿਰ ਤੇ ਅਡੋਲ ਵੀ ਨਹੀਂ ਹੋ ਸਕਦਾ, ਜਦੋਂ ਕਿ ਅਨੁਭਵੀ ਬਾਣੀ ਇਨ੍ਹਾਂ ਊਣਤਾਈਆਂ ਤੋਂ ਉਪਰ ਹੈ। ਸਤਿਗੁਰਾਂ ਵੀ ਦਸ ਜਾਮੇ ਧਾਰ ਕੇ ਬਾਣੀ ਦੇ ਗੁਰੂ ਹੋਣ ਦਾ ਪ੍ਰਚਾਰ ਕੀਤਾ—

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥੪॥

[ਨਟ ਮ: ੪, ਪੰਨਾ ੯੮੨



www.AKJ.Org

**ਕੱਚੀ ਬਾਣੀ—**

ਜਦੋਂ ਬਾਣੀ ਦੀ ਮਹਿਮਾ ਇਤਨੀ ਹੋਣ ਲੱਗੀ ਤਾਂ ਜਸ ਕੀਰਤਿ ਲੈਣ ਲਈ ਸੱਚੀ ਬਾਣੀ ਦੇ ਮੁਕਾਬਲੇ ਤੇ ਕੱਚੀ ਬਾਣੀ ਵੀ ਰਚੀ ਜਾਣ ਲੱਗੀ। ਇਸ ਦੇ ਰਚਯਤਾ ਉਹ ਸਨ ਜਿਨ੍ਹਾਂ ਨੂੰ ਇਤਨਾ ਉਚਾ ਪ੍ਰਮਾਰਥ-ਅਨੁਭਵ ਨਹੀਂ ਸੀ, ਨਾ ਹੀ ਉਨ੍ਹਾਂ ਦਾ ਆਪਾ ਪਰਮ-ਸੱਤਾ ਨਾਲ ਇਕ-ਸੁਰ ਸੀ। ਭਾਵੇਂ ਉਹ ਗੱਲ ਪ੍ਰਮਾਰਥ ਦੀ ਹੀ ਕਰਦੇ ਤੇ ਚੰਗਿਆਈ ਦੀ ਹੀ ਸਿਖਿਆ ਦਿੰਦੇ ਸਨ, ਪਰ ਪਿਛੇ ਕਰਣੀ ਨਾ ਹੋਣ ਕਰਕੇ ਬਾਣੀ ਵਿਚ ਸਮਰੱਥਾ ਨਹੀਂ ਸੀ ਪੈਂਦੀ, ਇਸ ਕਰਕੇ ਉਸ ਨੂੰ 'ਕੱਚੀ ਬਾਣੀ' ਕਿਹਾ ਹੈ। ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਸਾਵਧਾਨ ਕੀਤਾ ਸੀ—

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥੨੪॥ [ਰਾਮਕਲੀ ਮ: ੩, ਅਨੰਦੁ, ਪੰਨਾ ੯੨੦

ਗੁਰੂ ਰਾਮਦਾਸ ਜੀ ਇਸ ਦੰਭੀ ਰਚਨਾ ਤੋਂ ਜਾਣੂ ਸਨ—

ਸਤਿਗੁਰ ਕੀ ਬਾਣੀ ਸਤਿ ਸਰੂਪ ਹੈ, ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ, ਸੇ ਕੂੜਿਆਰ ਕੂੜੇ ਝੜਿ ਪੜੀਐ ॥੯॥
[ਵਾਰ ਗਉੜੀ ਮ ੪, ਪੰਨਾ ੩੦੪

ਇਹ ਕੱਚੀ ਬਾਣੀ ਹੁਣ ਸਾਡੇ ਸਾਹਮਣੇ ਨਹੀਂ, ਜਿਨ੍ਹਾਂ ਬਾਰੇ ਤੀਜੇ ਤੇ ਚੌਥੇ ਸਤਿਗੁਰੂ ਜੀ ਨੇ ਇਹ ਵਿਚਾਰ ਦਿਤੇ ਸਨ, ਲੇਕਿਨ ਪਿਛੋਂ ਜਾ ਕੇ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀਚੰਦ, ਪੋਤਰੇ ਮਨੋਹਰ ਦਾਸ ਮਿਹਰਵਾਨ, ਤੇ ਪੜਪੋਤਰੇ ਹਰਿ ਜੀ ਨੇ ਆਪਣੀ ਰਚਨਾ ਵਿਚ 'ਨਾਨਕ' ਨਾਮ ਪਾਇਆ, ਜਦੋਂ ਕਿ ਉਹ ਇਸ ਦੇ ਅਧਿਕਾਰੀ ਨਹੀਂ ਸਨ, ਉਨ੍ਹਾਂ ਮ: ੬, ਮ: ੭ ਅਤੇ ਮਹਲਾ ੮ ਕਰਕੇ ਬਾਣੀ ਰਚੀ, ਜਦੋਂ ਕਿ ਉਹ ਇਤਿਹਾਸਕ ਤੌਰ ਤੇ ਗੁਰੂ ਨਾਨਕ ਦੇ ਜਾ-ਨਸ਼ੀਨ ਨਹੀਂ ਸਨ। ਇਸ ਤਰ੍ਹਾਂ ਦੀ ਝੂਠੀ ਰਚਨਾ 'ਗੁਰਬਾਣੀ' ਨਹੀਂ ਸੀ ਹੋ ਸਕਦੀ ਤੇ ਨਾ ਹੀ ਸਿੱਖਾਂ ਇਸ ਨੂੰ ਪਰਵਾਣ ਕੀਤਾ। ਗੁਰਬਾਣੀ ਤਾਂ ਉਹੋ ਅੰਮ੍ਰਿਤ ਭੋਜਨ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਥਾਲ ਵਿਚ ਬਾਕਾਇਦਾ ਪ੍ਰੋਸ ਦਿਤਾ ਗਿਆ ਸੀ।

**ਗੁਰਬਾਣੀ—**

ਗੁਰਬਾਣੀ ਇਕ ਬਹੁਤ ਸ਼ਕਤੀਸ਼ਾਲੀ ਹਥਿਆਰ ਹੈ, ਜਿਸ ਨੂੰ ਸਤਿਗੁਰਾਂ ਨੇ ਬਹੁਤ ਸੂਝ ਬੂਝ ਤੇ ਗੰਭੀਰਤਾ ਨਾਲ ਵਰਤਿਆ। ਉਹ ਚਾਹੁੰਦੇ ਤਾਂ ਕੇਵਲ ਸਿਖ-ਸਤਿਗੁਰਾਂ ਦੀ ਰਚਨਾ ਹੀ ਇਕੱਠੀ ਕਰ ਕੇ ਗ੍ਰੰਥ ਬਣਾ ਸਕਦੇ ਸਨ, ਪ੍ਰੰਤੂ ਉਨ੍ਹਾਂ ਦੀ ਵਿਸ਼ਾਲ ਦ੍ਰਿਸ਼ਟੀ ਨੇ ਜਿਥੋਂ ਤਕ ਹੋ ਸਕਿਆ, ਹੋਰ ਪਹੁੰਚ ਹੋਏ ਭਗਤਾਂ ਸੰਤਾਂ ਤੇ ਦਰਵੇਸ਼ਾਂ ਦੀ, ਫ਼ਕੀਰਾਂ ਦੀ ਬਾਣੀ ਦਾ ਸੰਚਯ ਤਿਆਰ ਕਰਾ ਕੇ, ਇਸ ਨੂੰ ਸਰਬ-ਸਾਂਝਾ ਧਰਮ-ਗ੍ਰੰਥ ਬਣਾ ਦਿੱਤਾ, ਤੇ ਫਿਰ ਇਸ ਨੂੰ 'ਗੁਰੂ' ਪਦਵੀ ਨਾਲ ਪ੍ਰਤਿਸ਼ਠਤ ਕਰ ਕੇ, ਧਾਰਮਿਕ ਜਗਤ ਵਿਚ ਇਕ ਨਵਾਂ ਕਾਰਨਾਮਾ ਕੀਤਾ, ਜਿਸ ਦੀ ਮਿਸਾਲ ਹੋਰ ਨਹੀਂ ਮਿਲਦੀ।

ਆਦਿ ਗ੍ਰੰਥ ਦਾ ਗੌਰਵ ਕਈ ਪੱਖਾਂ ਤੋਂ ਅਦੁੱਤੀ ਹੈ। ਇਸ ਨਾਲ ਹੋਰ ਕੋਈ ਧਰਮ-ਗ੍ਰੰਥ ਮੇਚ ਨਹੀਂ ਖਾਂਦਾ। ਸੱਚ ਪੁਛੋ ਤਾਂ ਕਿਸੇ ਧਾਰਮਿਕ ਆਗੂ ਨੇ ਕਦੀ ਧਰਮ-ਗ੍ਰੰਥ ਬਣਾਉਣ ਦੇ ਖ਼ਿਆਲ ਨਾਲ ਕੋਈ ਉਚੇਚ ਜਤਨ ਨਹੀਂ ਕੀਤਾ, ਸਭ ਗ੍ਰੰਥ ਸ਼ਰਧਾਲੂ ਚੇਲਿਆਂ ਦੀ ਪਿਛੋਂ ਘਾਲ ਦਾ ਸਿੱਟਾ ਹਨ। ਸੋ ਪ੍ਰਮਾਣਿਕਤਾ ਦੇ ਪੱਖ ਤੋਂ ਇਹ ਪਹਿਲਾ ਧਰਮ-ਗ੍ਰੰਥ ਹੈ, ਜਿਸ ਨੂੰ ਸਤਿਗੁਰਾਂ ਆਪ ਤਿਆਰ ਕੀਤਾ, ਜਦੋਂ ਕਿ ਬਾਕੀ ਸਾਰੇ ਧਾਰਮਿਕ ਗ੍ਰੰਥ ਮਹਾਂ ਪੁਰਸ਼ਾਂ ਦੇ ਦੇਹਾਂਤ ਤੋਂ ਬਾਅਦ ਸਦੀਆਂ ਪਿਛੋਂ ਹੋਰਾਂ ਵਲੋਂ ਬਣਾਏ ਗਏ।

ਦੂਜੇ, ਇਸ ਵਿਚ ਜੋ ਸਮੱਗਰੀ ਤਿਆਰ ਕੀਤੀ ਗਈ, ਉਹ ਕੇਵਲ ਜੀਵਨ ਨੂੰ ਅਗਵਾਈ ਦੇਣ ਲਈ ਹੈ। ਵਾਧੂ ਕਰਮ-ਕਾਂਡ ਤੇ ਕਥਾ ਕਹਾਣੀ ਦੀ ਭਰਤੀ ਨਹੀਂ ਕੀਤੀ ਗਈ।

ਤੀਜੇ, ਸਭ ਤੋਂ ਮਹੱਤਵ-ਪੂਰਣ ਉਹ ਨਾਮ ਸੰਦੇਸ਼ ਹੈ, ਜੋ ਸਰਬ-ਸਾਂਝੀਵਾਲਤਾ ਦ੍ਰਿੜ੍ਹਾ ਕੇ, ਰੱਬੀ ਏਕਤਾ ਦੇ ਅਧਾਰ ਤੇ ਮਨੁੱਖੀ ਏਕਤਾ ਦਾ ਮਹੱਲ ਉਸਾਰਦਾ ਹੈ। ਇਸ ਵਿਚ ਕਿਸੇ ਨਸਲ, ਮਜ਼੍ਹਬ, ਵਰਣ ਜਾਂ

[ਬਾਕੀ ਸਫ਼ਾ ੧੨ ਦੇ ਹੇਠ]



www.AKJ.Org

# ਦੇਹਧਾਰੀ ਗੁਰੂ ਤੇ ਸ਼ਬਦ ਗੁਰੂ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿੱਲੀ-19]

ਪਸ਼ੂ, ਪੰਛੀ ਤੇ ਕੀੜੇ ਮਕੌੜਿਆਂ ਤੋਂ ਇਨਸਾਨ ਦੀ ਸ੍ਰੇਸ਼ਟਤਾ, ਕਈ ਪੱਖਾਂ ਦੇ ਦ੍ਰਿਸ਼ਟੀਕੋਣ ਤੋਂ ਹੈ। ਵਿਸ਼ੇਸ਼ ਤੌਰ ਤੇ ਬਾਕੀ ਸਭ ਜੂਨੀਆਂ ਪੂਰਬਲੇ ਕਰਮਾਂ ਦਾ ਫਲ ਭੋਗਦੀਆਂ ਹਨ ਤੇ ਭਵਿੱਖ ਲਈ ਚੰਗੀ ਕ੍ਰਿਤ ਕਰਨ ਤੋਂ ਅਸਮਰੱਥ ਹਨ, ਜਦ ਕਿ ਇਨਸਾਨੀ ਜਾਮਾ ਰਸਨਾ ਦਾ ਸੁਚੱਜਾ ਪ੍ਰਯੋਗ ਕਰਨਾ ਵੀ ਜਾਣਦਾ ਹੈ ਤੇ ਬੋਧਕ ਗਿਆਨ ਦਾ ਮਾਲਕ ਵੀ ਹੈ। ਇਸ ਦੇ ਇਲਾਵਾ ਪਸ਼ੂ ਪੰਖੀ ਪ੍ਰਮਾਰਥਕ ਰੁੱਚੀਆਂ ਤੋਂ ਬਿਲਕੁਲ ਅਚੇਤ ਹਨ ਤੇ ਨਾਮ ਦੀ ਮਹਿਮਾ ਤੋਂ ਅਗਿਆਨੀ। ਇਸ ਦੇ ਟਾਕਰੇ ਵਿਚ ਮਨੁੱਖ ਨੇ ਆਪਣੀ ਅਕਲ ਆਪਣੇ ਗੁਣਾਂ ਤੇ ਅੰਤਰ-ਸ਼ਕਤੀਆਂ ਦੁਆਰਾ ਰਹਿਣ, ਸਹਿਣ ਤੇ ਕਹਿਣ ਵਿਚ ਇਨਕਲਾਬੀ ਵਾਤਾਵਰਣ ਪੈਦਾ ਕੀਤਾ ਹੈ। ਗੁਰਦੇਵ ਜੀ ਨੇ ਤਾਂ ਇਨਸਾਨੀ ਜੀਵਨ ਦਾ ਪ੍ਰਯੋਜਨ ਹੀ ਨਾਮ-ਸਿਮਰਨ ਦੁਆਰਾ ਚੌਰਾਸੀ ਦੀਆਂ ਫਾਹੀਆਂ ਕੱਟ ਕੇ ਨਾਮੀ ਵਿਚ ਅਭੇਦ ਹੋਣਾ ਦੱਸਿਆ ਹੈ। ਇਕ ਨਿਹਕਪਟੀ ਜੀਵ ਦੀ ਬੇਨਤੀ ਨੂੰ ਆਪਣੇ ਬਚਨਾਂ ਦੁਆਰਾ ਦਰਸਾਇਆ ਹੈ ਕਿ ਐ ਪ੍ਰਭੂ ! ਜਿਸ ਉਦੇਸ਼ ਲਈ ਆਪ ਨੇ ਮਨੁਖਾ ਦੇਹੀ ਬਖ਼ਸ਼ੀ ਹੈ, ਉਸ ਦੀ ਪੂਰਤੀ ਲਈ, ਨਾਮ ਜਪਣ ਲਈ, ਚੰਗੀ ਸੰਗਤ ਦਾ ਟਿਕਾਣਾ ਬਖ਼ਸ਼ ਤੇ ਨਾਮ ਦੀ ਦਾਤਿ ਦੇਹੁ–

ਜਾ ਕਾਰਣਿ ਇਹ ਦੁਲਭ ਦੇਹ ॥ ਸੋ ਬੋਲੁ ਮੇਰੇ ਪ੍ਰਭੂ ਦੇਹਿ ॥
ਸਾਧ ਸੰਗਤਿ ਮਹਿ ਇਹੁ ਬਿਸ੍ਰਾਮੁ ॥ ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥੪॥ (ਪੰਨਾ ੧੧੮੧)

ਵਿਸ਼ਵ ਦੇ ਪ੍ਰਮੁੱਖ ਧਰਮ ਇਸ ਵਿਚਾਰ ਨਾਲ ਸਹਿਮਤ ਹਨ ਕਿ ਜੀਵ ਦਾ ਗੁਰੂ-ਦੀਖਿਆ ਲਏ ਬਿਨਾਂ ਪ੍ਰਭੂ ਨਾਲ ਅਭੇਦ ਹੋਣਾ ਅਸੰਭਵ ਹੈ, ਕੋਈ ਨਿਗੁਰਾ ਮਨੁੱਖ ਆਪਣੀ ਮਰਜ਼ੀ ਨਾਲ ਨਾਮ ਜਪ ਕੇ ਇੱਕ-ਮਿੱਕ ਨਹੀਂ ਹੋ ਸਕਦਾ, ਉਸ ਨੂੰ ਪੂਰਨ ਗੁਰੂ ਤੋਂ ਗੁਰਮੰਤਰ ਲੈਣਾ ਹੀ ਪਵੇਗਾ। ਗੁਰਮੰਤਰ ਨਾ ਲੈਣ ਵਾਲਾ ਹੱਠੀ ਤੇ ਹੰਕਾਰੀ ਹੈ ਜਾਂ ਮੂਰਖ ਅਗਿਆਨੀ। ਹਜ਼ੂਰ ਨੇ ਐਸੇ ਗੁਰਮੰਤਰ-ਹੀਣ ਪ੍ਰਾਣੀਆਂ ਦੀ ਦਸ਼ਾ ਬਹੁਤ ਪਤਿਤ ਤੇ ਤਰਸ-ਯੋਗ ਬਿਆਨ ਕੀਤੀ ਹੈ–

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥[ਸਹਸਕ੍ਰਿਤੀ ਮ: ੫, ੧੩੫੬

ਪੰਚਮ ਪਾਤਸ਼ਾਹ ਨੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਕੱਚੇ ਗੁਰੂ ਤੋਂ ਮੁਕਤੀ ਨਹੀਂ ਮਿਲਦੀ, ਭਵ-ਸਾਗਰ ਤਰਿਆ ਨਹੀਂ ਜਾ ਸਕਦਾ ਤੇ ਆਵਾਗਉਣ ਦਾ ਚੱਕਰ ਨਹੀਂ ਖ਼ਤਮ ਹੁੰਦਾ। ਅਜਿਹੀ ਚੇਤਾਵਨੀ ਦੇ ਬਾਵਜੂਦ 'ਥੋਥਾ ਚਨਾ ਬਾਜੇ ਘਨਾ' ਵਾਂਗ ਕੱਚ ਘਰੜ ਕੱਚੇ ਪਿੱਲੇ ਗੁਰੂ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਕੇ ਗੁਰੂ-ਡੰਮ ਦਾ ਪਸਾਰਾ ਫੈਲਾਉਣ ਵਿਚ ਸਫਲ ਹੋ ਰਹੇ ਹਨ। ਇਸ ਮਨੋਰਥ ਦੀ ਸਿੱਧੀ ਲਈ ਉਨ੍ਹਾਂ ਨੇ ਕਈ ਜੁਗਤੀਆਂ ਅਪਣਾਈਆਂ ਹੋਈਆਂ ਹਨ। ਇਹ ਜਾਣਦੇ ਹੋਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਸਰਬ-ਸਾਂਝਾ ਤੇ ਸਰਬ-ਕਾਲੀ ਹੈ, ਇਸ ਰੱਬੀ ਉਪਦੇਸ਼ ਦੀ, ਸਮੁੱਚੇ ਸੰਸਾਰ ਵਿਚ, ਪਰ ਖ਼ਾਸ ਤੌਰ ਤੇ ਸਿੱਖ-ਜਗਤ ਵਿਚ ਬਹੁਤ ਕਦਰ ਹੈ, ਵਡਿਆਈ ਹੈ, ਚਾਲਾਕ ਵਿਅਕਤੀਆਂ ਨੇ ਗੁਰਬਾਣੀ ਦੇ ਉਪਦੇਸ਼ ਨੂੰ ਆਪਣੇ ਮਤਲਬ ਤੇ ਹਿੱਤ ਲਈ ਗ਼ਲਤ ਢੰਗ ਨਾਲ ਪੇਸ਼ ਕਰ ਕੇ ਆਪਣੀ ਆਪਣੀ ਵੱਖਰੀ ਢਾਈ ਇੱਟ ਦੀ ਮਸਜਦ ਦਾ ਵਜੂਦ ਖੜਾ ਕੀਤਾ ਹੋਇਆ ਹੈ। ਇਸ ਕੁਰੀਤੀ ਜਾਂ ਭੈੜੀ ਨੀਤੀ ਨੂੰ *Exploitation* (ਦੁਰ-ਉਪਯੋਗ) ਆਖਣਾ ਢੁੱਕਵਾਂ ਪ੍ਰਤੀਤ ਹੋਵੇਗਾ, ਕਿਉਂਕਿ ਉਨ੍ਹਾਂ ਦਾ ਮਨੋਰਥ ਸਪੱਸ਼ਟ ਤੌਰ ਤੇ ਅਨੁਚਿਤ ਲਾਭ ਉਠਾਉਣਾ ਤੇ ਫ਼ਾਇਦੇ ਲਈ ਅਰਥਾਂ ਦੇ ਅਨਰਥ ਕਰ ਕੇ ਸਿੱਧੇ ਸਾਦੇ ਲੋਕਾਂ ਨੂੰ ਵਰਗਲਾਉਣਾ ਹੈ।

ਗੁਣ-ਹੀਣ ਪ੍ਰਾਣੀਆਂ ਕੋਲ ਐਸੇ ਰੱਬੀ ਗੁਣ ਨਹੀਂ ਹੁੰਦੇ ਜਿਨ੍ਹਾਂ ਦਾ ਉਹ ਉਪਦੇਸ਼ ਦੇਣ। ਉਨ੍ਹਾਂ ਦੀ ਨੀਤੀ ਦੂਸਰਿਆਂ ਦੀ ਬੁਰਾਈ ਛਾਂਟ ਕੇ ਆਪਣੇ ਆਪ ਨੂੰ ਵੱਡਾ ਸਿੱਧ ਕਰਨ ਦੀ ਹੁੰਦੀ ਹੈ। ਜੇ ਅਸੀਂ ਥੋੜਾ ਗਹੁ



www.AKJ.Org

ਨਾਲ ਤੱਕੀਏ ਤਾਂ ਪਤਾ ਲੱਗਦਾ ਹੈ ਕਿ ਗੁਰੂ ਘਰ ਦੇ ਨਿੰਦਕਾਂ, ਸੁਆਰਥੀਆਂ ਤੇ ਗੁਰੂ-ਡੰਮ ਦੇ ਸੰਚਾਲਕਾਂ ਨੇ ਗੁਰਮਤਿ-ਵਿਰੋਧੀ ਵਿਚਾਰਾਂ ਨੂੰ ਪੇਸ਼ ਕਰ ਕੇ ਆਪਣੇ ਪਰਚਾਰ ਦਾ ਆਧਾਰ ਬਣਾਇਆ ਹੋਇਆ ਹੈ। ਉਹ ਕਹਿੰਦੇ ਹਨ, "ਸਭੀ ਮਹਾਨ ਅਧਿਆਤਮਕ ਵਿਅਕਤੀਆਂ ਦਾ ਕੋਈ ਨ ਕੋਈ ਗੁਰੂ ਸੀ, ਮਨੁੱਖ ਹੀ ਮਨੁੱਖ ਨੂੰ ਉਪਦੇਸ਼ ਦੇ ਸਕਦਾ ਹੈ, ਪ੍ਰਭੂ ਆਪ ਹੀ ਮਨੁੱਖਾ ਦੇਹੀ ਵਿਚ ਆ ਕੇ ਰਸਨਾ ਦੁਆਰਾ ਅਗਵਾਈ ਕਰਦਾ ਹੈ।" ਇਸ ਦੀ ਪੁਸ਼ਟੀ ਲਈ ਉਹ ਸ੍ਰੀ ਕ੍ਰਿਸ਼ਨ, ਰਾਮ ਚੰਦ੍ਰ, ਵਿਵੇਕਾਨੰਦ ਤੇ ਕਈ ਰਿਸ਼ੀਆਂ-ਮੁਨੀਆਂ ਦਾ ਹਵਾਲਾ ਦਿੰਦੇ ਹਨ ਤੇ ਕਹਿੰਦੇ ਹਨ ਕਿ ਗੁੰਝਲਾਂ ਖੋਲ੍ਹਣ ਲਈ, ਕਠਨ ਭਾਵਾਂ ਨੂੰ ਸਪੱਸ਼ਟ ਕਰਨ ਲਈ, ਤੇ ਅਮਲੀ ਤੌਰ ਤੇ ਮਾਰਗ ਦਰਸਾਉਣ ਲਈ ਸਾਨੂੰ ਸਰੀਰਕ ਗੁਰੂ ਦੀ ਲੋੜ ਪੈਂਦੀ ਹੈ ਤੇ ਬਲਦੀ ਮੋਮਬੱਤੀ ਹੀ ਮੋਮਬੱਤੀ ਨੂੰ ਜਗਾਉਂਦੀ ਹੈ, ਕੇਵਲ ਪੁਸਤਕਾਂ ਕਾਫ਼ੀ ਨਹੀਂ ਹੁੰਦੀਆਂ (ਅਜਿਹੇ ਅਕਲ ਦੇ ਅੰਨ੍ਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਕਿਤਾਬ ਸਮਝਦੇ ਹਨ)।

ਸਾਰੇ ਗੁਰੂ ਸਾਹਿਬਾਨ ਧਰਮ ਪਰਚਾਰਕ ਰਹੇ ਹਨ ਤੇ ਉਨ੍ਹਾਂ ਨੇ ਰੱਬੀ ਜੋਤਿ ਚਮਕਾਉਣ ਹਿੱਤ, ਦੇਸ਼ ਦੇਸ਼ਾਂਤਰ ਦਾ ਰਟਨ ਕੀਤਾ। ਅਸੀਂ ਏਨੇ ਅਵੇਸਲੇ ਹੋ ਕੇ ਸੁੱਤੇ ਪਏ ਹਾਂ ਕਿ ਆਪਣੇ ਆਲੇ ਦੁਆਲੇ ਨੂੰ ਵੀ ਸੰਭਾਲ ਨਹੀਂ ਰਹੇ। ਕਈ ਸਿੱਖ, ਆਨਮਤੀਆਂ ਦੇ ਪਦਾਰਥਵਾਦੀ ਝੁਕਾਉ ਤੇ ਦੁਨਿਆਵੀ ਬਖ਼ਸ਼ਸ਼ਾਂ ਦੇ ਪਰਚਾਰ ਦੇ ਜਾਲ ਵਿਚ ਫਸ ਚੁਕੇ ਹਨ। ਗੁਰੂ ਦਾ ਸਿੱਖ ਗ਼ੈਬੀ ਸ਼ਕਤੀਆਂ, ਮੁਅਜਜ਼ਿਆਂ ਤੇ ਚਮਤਕਾਰੀ ਕਰਾਮਾਤਾਂ ਦੀ ਵਿਸ਼ੇਸ਼ਤਾ ਸੁਣ ਕੇ ਗੁਰ-ਸਿਖੀ ਪਿਆਰ ਨੂੰ ਤਿਆਗਦਾ ਨਹੀਂ ਹੈ, ਪਰ ਲੋੜਵੰਦ, ਮੁਹਤਾਜ ਤੇ ਵਿਸ਼ਵਾਸ-ਹੀਨ ਪ੍ਰਾਣੀ ਆਪਣਾ ਈਮਾਨ ਬੇਚ ਦਿੰਦਾ ਹੈ, ਜੇ ਉਸ ਨੂੰ ਮੌਕੇ ਤੇ ਅਗਵਾਈ ਨਾ ਮਿਲੇ।

ਵਿਅਕਤੀਗਤ ਪੂਜਾ, ਗੁਰੂ-ਡੰਮ ਦਾ ਆਧਾਰ ਵੀ ਹੈ ਤੇ ਜ਼ਬਰਦਸਤ ਹਥਿਆਰ ਵੀ। ਉਨ੍ਹਾਂ ਦਾ ਗੁਰੂ ਰੱਬ ਤੁੱਲ ਹੈ ਤੇ ਗੁਰੂ ਦੀ ਆਵਾਜ਼ ਨੂੰ ਰੱਬ ਦਾ ਫ਼ੁਰਮਾਨ ਸਮਝਿਆ ਜਾਂਦਾ ਹੈ। ਸਾਨੂੰ ਅਫ਼ਸੋਸ ਨਾਲ ਇਹ ਹਕੀਕਤ ਕਹਿਣੀ, ਸੁਣਨੀ ਪੈਂਦੀ ਹੈ ਕਿ ਜਿੰਨਾ ਸਤਿਕਾਰ ਅੱਜ ਕੱਲ੍ਹ ਦੇ ਸ਼ਖ਼ਸੀ ਗੁਰੂਆਂ ਦਾ, ਉਨ੍ਹਾਂ ਦੇ ਚੇਲਿਆਂ ਦੁਆਰਾ ਹੁੰਦਾ ਹੈ, ਉੱਨਾ ਸਤਿਕਾਰ ਆਮ ਤੌਰ ਤੇ ਗੁਰੂ ਦੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਕਰਦੇ। ਉਹ ਕਿਸੇ ਖ਼ਾਸ ਸਰੂਪ ਤੇ ਧਿਆਨ ਧਰਨ ਤੇ ਵੀ ਜ਼ੋਰ ਦਿੰਦੇ ਹਨ, ਤੇ ਕੰਨ ਵਿਚ ਮੰਤ੍ਰ ਦੇਣ ਦੀ ਕ੍ਰਿਆ ਨੂੰ ਯੋਗ ਸਿੱਧ ਕਰਨ ਲਈ ਹੇਠ ਲਿਖੇ ਫ਼ੁਰਮਾਨ ਦਾ ਆਸਰਾ ਲੈਂਦੇ ਹਨ—

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ ॥੧॥੨੧॥ (ਪੰਨਾ ੧੩੦੨)

ਇਸ ਦਾ ਭਾਵ, ਗੁਪਤ ਤੌਰ ਤੇ ਕੰਨ ਵਿਚ ਮੰਤ੍ਰ ਦੇਣਾ ਨਹੀਂ ਹੈ। ਗੁਰਮਤਿ ਵਿਚ 'ਵਾਹਿਗੁਰੂ' ਗੁਰਮੰਤਰ ਸਗਲ ਬ੍ਰਹਮੰਡ ਵਿਚ ਸੂਰਜ ਵਾਂਗ ਪ੍ਰਗਟ ਹੈ। ਹਾਂ, ਗੁਰਮੰਤਰ ਦੇਣ ਦੀ ਵਿਧੀ ਅਵੱਸ਼ ਹੀ ਗੁਰਮਤਿ ਵਿਧਾਨ ਅਨੁਸਾਰ ਹੈ। ਦੇਹਧਾਰੀ ਗੁਰੂਆਂ ਦੇ ਚਾਟੜੇ—

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥ (੧੨੬੪)

ਦੀ ਵਰਤੋਂ ਕਰ ਕੇ, 'ਪਰਤਖਿ' ਸ਼ਬਦ ਦਾ ਅਰਥ 'ਸਰੀਰਕ ਗੁਰੂ' ਕਰ ਕੇ ਐਸਾ ਸਾਧਨ ਅਪਣਾਉਂਦੇ ਹਨ, ਜਿਸ ਨਾਲ ਉਹ ਦੇਹਧਾਰੀ ਗੁਰੂ ਦੀ ਵਿਸ਼ੇਸ਼ਤਾ ਦ੍ਰਿੜ੍ਹਾ ਸਕਣ।

ਕਈ ਸੰਪਰਦਾਵਾਂ, ਸੱਚੇ ਗੁਰਦੇਵ ਜਾਂ ਅਕਾਲ ਪੁਰਖ ਦੇ ਸਮਾਨਾਰਥਕ ਸ਼ਬਦ ਨੂੰ ਆਪਣੇ ਗੁਰੂ ਨਾਲ ਜੋੜ ਲੈਂਦੀਆਂ ਹਨ, ਤੇ ਉਸ ਦੈਵੀ ਸ਼ਬਦ ਦੀ ਮਹਿਮਾ ਇਸ ਤਰ੍ਹਾਂ ਬਖਾਨਦੇ ਹਨ ਕਿ ਪ੍ਰਤੀਤ ਹੁੰਦਾ ਹੈ ਕਿ ਵਾਕਈ ਗੁਰਬਾਣੀ ਵਿਚ ਐਸੇ ਗੁਰੂ ਦੀ ਬਹੁਤ ਉਪਮਾ ਤੇ ਵਡਿਆਈ ਕੀਤੀ ਗਈ ਹੈ।

ਭਾਵੇਂ ਕਈ ਵਿਦਵਾਨ ਇਸ ਦੁਰ-ਪ੍ਰਯੋਗ ਦਾ ਪ੍ਰਭਾਵ ਰੱਦ ਕਰਨ ਲਈ ਗੁਰਮਤਿ ਦੀ ਰੌਸ਼ਨੀ ਵਿਚ ਢੁੱਕਵਾਂ ਜਵਾਬ ਦਿੰਦੇ ਆਏ ਹਨ, ਫਿਰ ਵੀ ਹਰੇਕ ਗੁਰਸਿੱਖ ਨੂੰ ਅਣਗਹਿਲੀ ਨੀਂਦ ਤੋਂ ਜਾਗ ਕੇ ਸੁਚੇਤ ਰਹਿਣ ਦੀ ਲੋੜ ਹੈ। ਇਸ ਜਗਤ ਵਿਚ ਖਿਨ ਖਿਨ ਖ਼ਾਮੋਸ਼ ਪਰਿਵਰਤਨ ਹੁੰਦਾ ਜਾ ਰਿਹਾ ਹੈ ਤੇ ਇਸ ਝੂਠੇ



www.AKJ.Org

ਪਰਚਾਰ ਦਾ ਅਸਰ ਜ਼ਾਇਲ ਕਰਨ ਲਈ ਲਗਾਤਾਰ ਸੰਘਰਸ਼ ਨੂੰ ਅਪਣਾਉਣਾ ਚਾਹੀਦਾ ਹੈ। ਗੁਰਬਾਣੀ ਦਿਲ ਨੂੰ ਵੀ ਟੁੰਬਦੀ ਹੈ ਤੇ ਬੁੱਧੀ ਦੀ ਘਾੜਤ ਘੜ ਕੇ ਬਿਬੇਕ ਬੁੱਧੀ ਦਾ ਚਾਨਣ ਵੀ ਪਰਦਾਨ ਕਰਦੀ ਹੈ। ਹਜ਼ੂਰ ਦਾ ਫ਼ੁਰਮਾਨ ਹੈ—

ਬਾਂਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥ (ਪੰਨਾ ੯੩੫)

ਗੁਰੂ ਘਰ ਦੇ ਦੂਹੀਆਂ ਨੂੰ ਸੱਚੀ ਸੁੱਚੀ ਵੀਚਾਰ ਕਿਵੇਂ ਭਾਵੇ ਤੇ ਚੰਗੀ ਲੱਗੇ ? ਉਨ੍ਹਾਂ ਦਾ ਹਿਰਦਾ ਈਰਖਾ ਦੀ ਅਗਨੀ ਨਾਲ ਝੁਲਸਿਆ ਹੋਇਆ, ਤੇ ਸੁਰਤੀ ਮਨ-ਘੜਤ ਦਲੀਲਾਂ ਨਾਲ ਉਲਝੀ ਪਈ ਹੈ। ਇਸ ਹਾਲਤ ਵਿਚ ਸੰਭਾਵਨਾ ਨਹੀਂ ਕੀਤੀ ਜਾ ਸਕਦੀ ਕਿ ਉਹ ਬਾਣੀ ਨੂੰ ਤੱਤ ਸਰੂਪ ਵਿਚ ਤੱਕਣ, ਬੁੱਝਣ ਤੇ ਬਖਾਨਣ। ਇਸ ਦੇ ਵਿਪਰੀਤ ਗੁਰਮੁਖ ਜਨਾਂ ਨੂੰ ਨਾਮ ਸਿਮਰਨ ਤੇ ਗੁਰਬਾਣੀ ਵੀਚਾਰ, ਦੋਹਾਂ ਦੇ ਸੰਗਮ ਦੀ ਬਿਬੇਕ ਬੁੱਧੀ ਦਾ ਪ੍ਰਕਾਸ਼ ਸਹੀ ਅਗਵਾਈ ਦਿੰਦਾ ਹੈ।

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥੧੫॥ (ਸਲੋਕ ਮ: ੪, ਪੰਨਾ ੧੪੨੨)

ਇਹਨਾਂ ਦੇਹਧਾਰੀ ਗੁਰੂਆਂ ਤੇ ਉਨ੍ਹਾਂ ਤੇ ਚਾਟੜਿਆਂ ਨੂੰ ਕਿਵੇਂ ਸਮਝਾਇਆ ਜਾਵੇ ਕਿ ਸ਼ਬਦ 'ਪਰਤਖਿ' ਦੇ ਅਰਥ 'ਅੱਖ ਦੇ ਸਾਹਮਣੇ' ਜਾਂ 'ਜ਼ਾਹਿਰਾ ਤੌਰ ਤੇ' ਹੈ। ਇਹ ਵਿਸ਼ੇਸ਼ਣ ਨਹੀਂ, ਕ੍ਰਿਆ ਵਿਸ਼ੇਸ਼ਣ ਹੈ। ਇਸ ਦਾ ਸੰਬੰਧ ਨਾਂਵ ਨਾਲ ਨਹੀਂ, ਕ੍ਰਿਆ ਨਾਲ ਹੈ। ਹੇਠ ਲਿਖੇ ਗੁਰਵਾਕ—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥੪॥
(ਨਟ ਮਹਲਾ ੪—੯੮੨)

ਵਿਚ 'ਪਰਤਖਿ' ਦਾ ਪ੍ਰਯੋਗ ਗੁਰੂ ਨਾਲ ਨਹੀਂ ਹੈ, ਨਿਸਤਾਰੇ ਨਾਲ ਹੈ, ਅਰਥਾਤ, ਪਰਤਖਿ ਗੁਰੂ ਨਹੀਂ ਨਿਸਤਾਰਦਾ, ਬਲਕਿ ਗੁਰੂ ਪਰਤਖਿ ਨਿਸਤਾਰਦਾ ਹੈ। ਜੇ ਅਸੀਂ ਗੁਰੂ ਨਾਲ ਜਾਂ ਦੇਹ ਨਾਲ "ਪਰਤਖਿ" ਜੋੜਾਂਗੇ ਤਾਂ "ਰਿਦੈ" ਨਾਲ "ਪਰਤਖਿ" ਕਿਵੇਂ ਜੋੜਾਂਗੇ ? "ਸਵਈਏ ਮਹਲੇ ਪੰਜਵੇਂ ਕੇ" ਵਿਚ ਮਥੁਰਾ ਭੱਟ ਦਾ ਫ਼ੁਰਮਾਨ ਹੈ—ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨਿ ਬੀਅਉ ॥

ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥ (੧੪੦੯)

ਇਸ ਦੇ ਅਰਥ ਇਉਂ ਬਣਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਹਰਿ ਪੂਰਨ ਬ੍ਰਹਮ ਨੇ ਪਰਤਛਿ ਨਿਵਾਸ ਲਿਆ ਹੈ।

ਇਕ ਸਮਾਂ ਸੀ ਕਿ ਨਿਰੰਕਾਰ ਜਾਂ ਨਿਰੰਕਾਰੀ ਸ਼ਬਦ, ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਸ਼ਖਸੀਅਤ ਨਾਲ ਜੁੜਿਆ ਹੋਇਆ ਸੀ, ਪਰ ਅੱਜ ਕਲ੍ਹ ਦੇ ਨਕਲੀ ਨਿਰੰਕਾਰੀਆਂ ਨੇ ਗੁਰਮਤਿ ਵਿਰੋਧੀਆਂ ਦੀ ਸਹਾਇਤਾ ਤੇ ਸਹਿਯੋਗ ਨਾਲ ਇਕ ਵੱਖਰਾ ਹੀ ਨਿਰੰਕਾਰੀ ਧਰਮ ਖੜਾ ਕਰ ਦਿੱਤਾ ਹੈ, ਜਿਨ੍ਹਾਂ ਦਾ ਨਿਰੰਕਾਰ, ਗੁਰੂ ਨਾਨਕ ਦੇਵ ਜੀ ਦੇ ਨਿਰੰਕਾਰ ਤੋਂ ਕਤਈ ਵਖਰਾ ਤੇ ਕੁਰਾਹੇ ਪਾਉਣ ਵਾਲਾ ਹੈ। ਹੇਠ ਲਿਖੇ ਗੁਰ ਫ਼ੁਰਮਾਨ, ਸ਼ਬਦ 'ਨਿਰੰਕਾਰੀ' ਦੀ ਅਸਲ ਤਸਵੀਰ ਦੀ ਝਲਕ ਪੇਸ਼ ਕਰਦੇ ਹਨ—

ਇਕਿ ਅਹਿਨਿਸਿ ਨਾਮਿ ਰਤੇ ਨਿਰੰਕਾਰੀ ॥੧੦॥ (੧੦੪੬)
ਨਾਨਕ ਨਾਮਿ ਰਤੇ ਨਿਰੰਕਾਰੀ ਦਰਿ ਸਾਚੈ ਸਾਚੁ ਪਛਾਤਾ ਹੇ ॥੧੬॥ (੧੦੫੨)
ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥੮॥
(ਆਸਾ ਮਹਲਾ ੧—੪੧੫)



www.AKJ.Org

ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥੪॥੩॥ (੯੦੪)

'ਕਰਾਮਾਤ' ਰੂਹਾਨੀਅਤ ਦੀ ਕਸੌਟੀ ਨਹੀਂ ਹੈ। ਗੁਰਮਤਿ ਵਿਚ ਇਸ ਦੀ ਕੋਈ ਅਹਿਮੀਅਤ ਨਹੀਂ। ਮਨ ਦੀ ਇਕਾਗਰਤਾ ਤੇ ਰਿਧੀ ਸਿੱਧੀ ਤੋਂ ਪ੍ਰਾਪਤ ਹੋਈ ਇਹ ਸ਼ੈ ਅਧਿਆਤਮਿਕਤਾ ਤੋਂ ਕੋਰੇ ਮਨੁੱਖ ਕੋਲ ਵੀ ਹੋ ਸਕਦੀ ਹੈ। ਰੱਬੀ ਨਾਮ ਦੇ ਆਸ਼ਕ-ਭੌਰੇ ਰਿਧੀ ਸਿਧੀ ਦੀ ਖਿੱਚ ਤੋਂ ਨਿਰਲੇਪ ਰਹਿੰਦੇ ਹਨ।

ਭਾਈ ਨੰਦ ਲਾਲ ਜੀ ਨੇ ਗੁਰਬਾਣੀ ਦੇ ਆਧਾਰ ਤੇ, ਅਤੇ ਦਸਮੇਸ਼ ਪਿਤਾ ਦੀ ਪਾਵਨ ਸੰਗਤ ਦੇ ਸਦਕੇ ਹੀ ਅਕਾਲ ਪੁਰਖ ਦਾ ਤੀਸਰਾ ਰੂਪ 'ਗੁਰ ਸ਼ਬਦ' ਬਖਾਨਿਆ ਹੈ। ਪਰਮਾਤਮਾ ਦੇ ਸਰਗੁਨ ਤੇ ਨਿਰਗੁਨ ਸਰੂਪ ਨੂੰ ਸਾਰਾ ਸੰਸਾਰ ਭਲੀ ਭਾਂਤ ਜਾਣਦਾ ਸੀ, ਪਰ ਗੁਰ-ਸ਼ਬਦ ਨੂੰ ਅਕਾਲ ਪੁਰਖ ਦਾ ਰੂਪ ਕਹਿਣਾ, ਸੁਣਨਾ, ਸਮਝਣਾ ਤੇ ਪਰਵਾਨ ਕਰਨਾ ਆਨਮਤੀ ਧਰਮਾਂ ਨੂੰ ਬਿਲਕੁਲ ਨਹੀਂ ਸੁੱਝਿਆ ਤੇ ਭਾਇਆ। ਭੱਟਾਂ ਦੀ ਪਾਰ-ਦਰਸ਼ਕ ਦ੍ਰਿਸ਼ਟੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰ-ਸ਼ਬਦ ਪ੍ਰਗਟਾਉਣ ਤੇ ਉਜਾਗਰ ਕਰਨ ਦੀ ਗੁਹਜ ਸ਼ਕਤੀ ਤੱਕੀ ਤੇ ਆਪਣੀ ਰਸਨਾ ਦੁਆਰਾ ਹਜ਼ੂਰ ਦੀ ਉਪਮਾ ਕਰਦਿਆਂ ਆਖਿਆ—

ਭਗਤਿ ਜੋਗ ਕੋ ਜੈਤਵਾਰੁ ਹਰਿ ਜਨਕੁ ਉਪਾਯਉ ॥
ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ।੧॥ (੧੪੦੭)

ਹਜ਼ੂਰ ਨੇ ਬਾਰ ਬਾਰ ਦ੍ਰਿੜ੍ਹਾਇਆ ਕਿ ਦੇਹ ਗੁਰੂ ਨਹੀਂ, ਸ਼ਬਦ ਗੁਰੂ ਹੈ। ਦੇਹ ਨਾਸ਼ਮਾਨ ਹੈ, ਗੁਰ-ਸ਼ਬਦ ਅਮਰ ਹੈ। ਆਪਣੇ ਹਿਰਦੇ ਚੋਂ ਪ੍ਰਗਟ ਹੋਈ ਧੁਰ ਕੀ ਬਾਣੀ ਤੇ ਆਪਣੀ ਮੁਬਾਰਕ ਰਸਨਾ ਦੁਆਰਾ ਉਚਾਰੀ ਰੱਬੀ ਬਾਣੀ ਨੂੰ ਅਤਿ ਉੱਚੀ ਸਤਿਕਾਰ ਭਰੀ ਪਦਵੀ ਦੇਣੀ, ਗੁਰਬਾਣੀ ਨੂੰ ਸਦੀਵੀ ਗੁਰਿਆਈ ਬਖ਼ਸ਼ਣ ਦਾ ਪਰਤੱਖ ਸੰਕੇਤ ਸੀ। ਇਤਿਹਾਸ ਗਵਾਹ ਹੈ ਕਿ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਤੇ ਪ੍ਰਕਾਸ਼ ਹੋਇਆ ਤਾਂ ਹਜ਼ੂਰ ਨੇ ਸੱਚੇ ਗੁਰ-ਸ਼ਬਦੀ ਸਰੂਪ ਤੋਂ ਨਾ-ਕੇਵਲ ਆਪਣਾ ਆਸਣ ਨੀਵਾਂ ਰੱਖਿਆ, ਚਾਰਪਾਈ ਤੇ ਸੌਣਾ ਵੀ ਤਿਆਗ ਦਿੱਤਾ। ਦਸਮੇਸ਼ ਪਿਤਾ ਜੀ ਨੇ, ਅਕਾਲ ਪੁਰਖ ਦੀ ਆਗਿਆ ਅਨੁਸਾਰ, ਸਰੀਰਕ ਗੁਰੂ ਦੀ ਪਰੰਪਰਾ ਨੂੰ ਹਮੇਸ਼ਾ ਲਈ ਸਮਾਪਤ ਕਰ ਕੇ, ਸ਼ਬਦ-ਗੁਰੂ ਨੂੰ ਗੁਰ-ਗੱਦੀ ਤੇ ਸਸ਼ੋਭਿਤ ਕੀਤਾ। ਉਸ ਸਮੇਂ ਤੋਂ ਲੈ ਕੇ ਦਸਾਂ ਸਤਿਗੁਰਾਂ ਦੀ ਆਤਮਕ ਜੋਤਿ, ਸ਼ਬਦ ਗੁਰੂ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੀਵਨ ਦੇ ਹਰੇਕ ਪੱਖ ਦੇ ਕਲਿਆਣ ਲਈ ਸਾਡੀ ਅਗਵਾਈ ਕਰਦੇ ਆ ਰਹੇ ਹਨ ਤੇ ਭਵਿੱਖ ਵਿਚ ਕਰਦੇ ਰਹਿਣਗੇ।

ਆਪਸੀ ਖਿੱਚੋ-ਤਾਣ ਤੇ ਫੁੱਟ ਕਾਰਨ ਸਿੱਖ ਪੰਥ ਦਾ ਭਵਿੱਖ ਡਾਉਲਾ ਡਾਉਲਾ ਨਜ਼ਰ ਆਉਂਦਾ ਹੈ। ਇਕ ਵਿਸ਼ੇਸ਼ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਦਬ ਦੀ ਘਾਟ ਹੈ ਅਤੇ ਇਹ ਘਾਟ ਗੁਰ-ਉਦੇਸ਼ ਨੂੰ ਸਹੀ ਅਰਥਾਂ ਵਿਚ ਨਾ ਕਮਾਉਣ ਕਰਕੇ ਹੈ! ਵਾਹਿਗੁਰੂ ਸਾਨੂੰ ਸੁਮੱਤਿ ਦੇਵੇ ਕਿ ਜਿੱਥੇ ਵੀ ਸੱਚੇ ਗੁਰਦੇਵ ਜੀ ਦੀ ਪਾਵਨ ਹਜ਼ੂਰੀ ਵਿਚ, ਕੋਈ ਸਮਾਗਮ ਹੈ, ਕੀਰਤਨ ਹੈ, ਕਥਾ ਹੈ ਜਾਂ ਗੁਰਮਤਿ ਵੀਚਾਰ ਹੈ, ਅਸੀਂ ਸਤਿਗੁਰੂ ਜੀ ਨੂੰ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ ਸਮਝ ਕੇ ਪ੍ਰੇਮਾ ਭਾਵਨੀ ਦੁਆਰਾ ਤਨੋਂ ਮਨੋਂ ਅਦਬ ਸਤਿਕਾਰ ਕਰੀਏ। ਸੱਚੇ ਸਤਿਗੁਰੂ ਦੇ ਸਰੂਪ ਨੂੰ ਕੇਵਲ ਬਾਹਰਲੀਆਂ ਅੱਖਾਂ ਨਾਲ ਹੀ ਨ ਤੱਕੀਏ, ਬਲਕਿ ਇਸ ਤੋਂ ਅਗਾਂਹ ਵੀ ਵਧੀਏ। ਗੁਰ-ਦਰਸ਼ਨ ਜ਼ਰੂਰੀ ਹੈ, ਨਿਤ ਪਾਵਨ ਦਰਸ਼ਨ ਲਈ ਅਰਦਾਸ ਕਰਦੇ ਹਾਂ, ਇਹ ਗੁਰਸਿੱਖੀ ਨਾਤੇ ਤੇ ਪ੍ਰੇਮ ਦਾ ਵਿਸ਼ੇਸ਼ ਅੰਗ ਹੈ ਤੇ ਜੀਵਨ ਦਾ ਅਧਾਰ ਹੈ। ਇਸ ਤੋਂ ਉੱਚਾ ਰੁਤਬਾ ਹੈ ਗੁਰ-ਸ਼ਬਦ ਦੀ ਵੀਚਾਰ ਤੇ ਹੁਕਮ ਦੀ ਪਾਲਣਾ ਦਾ। ਗੁਰਦੇਵ ਜੀ ਸਪੱਸ਼ਟ ਤੌਰ ਤੇ ਹੁਕਮ ਦਿੰਦੇ ਹਨ :—

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ (ਸਲੋਕੁ ਮ: ੩; ਪੰਨਾ ੫੯੪)

ਗੁਰ ਸਬਦ ਦੁਆਰਾ ਵੀਚਾਰੁ, ਫੋਕਟ ਗਿਆਨ ਨਹੀਂ, ਗੁਰ-ਸ਼ਬਦ ਦੀ ਕਮਾਈ ਤੇ ਗੁਰ ਫੁਰਮਾਨ ਨੂੰ ਅਮਲ ਵਿਚ ਲਿਆਉਣਾ ਹੈ।



www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ (੧੧)

[ਪ੍ਰੋ: ਗੁਰਮੁਖ ਸਿੰਘ ਜੀ, ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ]

ਭਾਈ ਗਿਆਨ ਸਿੰਘ ਜੀ ਨਾਮ-ਰਸੀਏ ਸਨ ਅਤੇ ਕੀਰਤਨ ਦੇ ਤਾਂ ਕਮਾਲ ਦੇ ਆਸ਼ਕ ਸਨ। ਆਪ ਪਿੰਡ ਜੋਈਆਂ ਤਹਿਸੀਲ ਖ਼ੁਸ਼ਾਬ ਜ਼ਿਲਾ ਸਰਗੋਧਾ ਦੇ ਜੰਮ-ਪਲ ਸਨ। ਆਪ ਦਾ ਜਨਮ ੧੮੮੫ ਵਿਚ ਹੋਇਆ। ਖ਼ੁਸ਼ਾਬ ਨਗਰ ਜਿਹਲਮ ਦਰਿਆ ਦੇ ਕਿਨਾਰੇ ਹੈ। ਆਪ ਜੀ ਦਰਮਿਆਨੇ ਦਰਜੇ ਦੇ ਪਰਿਵਾਰ ਵਿਚੋਂ ਸਨ। ਚਾਰ ਲੜਕੇ ਅਤੇ ਇਕ ਲੜਕੀ ਸੀ। ਕੁਦਰਤ ਕਰਤਾਰ ਦੀ ਐਸੀ ਹੋਈ ਕਿ ਬੱਚੇ ਅਜੇ ਛੋਟੇ ਹੀ ਸਨ ਕਿ ਸਿੰਘਣ ਚੜ੍ਹਾਈ ਕਰ ਗਈ। ਆਪ ਨੇ ਪ੍ਰੇਮਾ ਭਗਤੀ ਤਾਂ ਮਾਨੋ ਆਪਣੇ ਪਿਤਾ ਸ: ਅਮਰ ਸਿੰਘ ਜੀ ਤੋਂ ਵਿਰਸੇ ਵਿਚ ਹੀ ਲਈ ਹੋਈ ਸੀ। ਸਭ ਕੁਝ ਕਰਤਾਰ ਦੇ ਭਾਣੇ ਵਿਚ ਵਰਤ ਰਿਹਾ ਜਾਣ ਕੇ ਸਦਾ ਹੁਕਮ ਰਜ਼ਾ ਵਿਚ ਟਿਕੇ ਰਹਿਣਾ ਆਪ ਦਾ ਸੁਭਾਅ ਹੀ ਬਣ ਚੁਕਾ ਸੀ। ਨਾ ਕਿਸੇ ਦੀ ਨਿੰਦਾ, ਨਾ ਚੁਗਲੀ, ਨਾ ਕਿਸੇ ਨਾਲ ਵੈਰ, ਨਾ ਬਹੁਤੀ (ਸੰਸਾਰੀ) ਦੋਸਤੀ। ਬਸ ਸਦਾ ਸਤਸੰਗੀਆਂ ਨਾਲ ਸਤਸੰਗ ਦੇ ਲਾਹੇ ਲੈਣੇ, ਇਹੋ ਉਹਨਾਂ ਦੀ ਲਗਨ ਸੀ। ਜੇ ਕਿਸੇ ਨੇ ਆ ਕੇ ਪੁਤਰ, ਧੀ ਜਾਂ ਨੂੰਹ ਬਾਰੇ ਨਿੰਦਾ ਚੁਗਲੀ ਕਰਨੀ ਤਾਂ ਆਪ ਨੇ ਇਹੋ ਕਹਿਣਾ "ਸਭ ਹੁਕਮ ਵਿਚ ਵਰਤ ਰਿਹਾ ਹੈ। ਸਾਈਂ ਜੀ ਜੋ ਕੁਝ ਕਰਦੇ ਹਨ, ਸਾਡੇ ਭਲੇ ਲਈ ਹੀ ਕਰਦੇ ਹਨ।"

ਇਕ ਵਾਰੀ ਆਪ ਜੀ ਦੇ ਇਕ ਲੜਕੇ ਨੂੰ ਟਾਈਫ਼ਾਈਡ ਹੋ ਗਿਆ, ਤੇ ਫਿਰ ਅਚਾਨਕ ਬੁਖ਼ਾਰ ੧੦੫ ਦਰਜੇ ਤੋਂ ਭੀ ਉਪਰ ਚਲਾ ਗਿਆ। ਡਾਕਟਰਾਂ ਨੇ ਕਿਹਾ ਕਿ ਲੜਕਾ ਤਾਂ ਹੀ ਬਚ ਸਕਦਾ ਹੈ ਜੇ ਕਰ ਇਸ ਦੇ ਕੇਸ ਕਟਾ ਦਿਉ। ਭਾਈ ਗਿਆਨ ਸਿੰਘ ਜੀ ਕਹਿਣ ਲਗੇ, ਇਹ ਨਹੀਂ ਹੋ ਸਕਦਾ; ਇਹ ਤਾਂ ਕਰਤਾਰ ਦੀ ਵਸਤੂ ਹੈ। ਜੇ ਉਸ ਨੇ ਲਿਜਾਣੀ ਹੋਊ ਤਾਂ ਉਸਦੀ ਰਜ਼ਾ। ਪਰ ਅਸੀਂ ਉਸ ਨੂੰ ਪਤਿਤ ਕਰ ਕੇ ਗੁਰੂ ਪਾਤਸ਼ਾਹ ਦੀਆਂ ਖ਼ੁਸ਼ੀਆਂ ਦੇ ਪਾਤਰ ਕਿਵੇਂ ਬਣ ਸਕਾਂਗੇ ?

ਕਰਤਾਰ ਦੀ ਕੁਦਰਤ ਐਸੀ ਹੋਈ ਕਿ ਲੜਕਾ ਆਪੇ ਠੀਕ ਹੋ ਗਿਆ। ਨਹੀਂ, ਨਹੀਂ, ਸਚੇ ਪਾਤਸ਼ਾਹ ਤਾਂ ਸਾਡੇ ਸਿਦਕ ਦਾ ਟੈਸਟ ਲੈਂਦੇ ਹਨ। ਇਕ ਇਸ ਨਾਲੋਂ ਵੀ ਤਕੜਾ ਟੈਸਟ ਉਹਨਾਂ ਦੇ ਜੀਵਨ ਵਿਚ ਹੋਰ ਵੇਖਣ ਵਿਚ ਆਇਆ। ਆਪ ਨਾਰਥ ਵੈਸਟਰਨ ਰੇਲਵੇ ਦੇ ਏ ਕਲਾਸ ਦੇ ਗਾਰਡ ਸਨ। ਫ਼ਰੰਟੀਅਰ ਮੇਲ ਤੇ ਆਪ ਦੀ ਡਿਊਟੀ ਹੁੰਦੀ ਸੀ। ਇਹ ਗੱਡੀ ਭਾਰਤ ਦੀ ਵੰਡ ਤੋਂ ਪਹਿਲਾਂ ਪਿਸ਼ਾਵਰ ਤੋਂ ਬੰਬਈ ਤਕ ਚਲਿਆ ਕਰਦੀ ਸੀ। ਆਪ ਇਹਨਾਂ ਦਿਨਾਂ ਵਿਚ ਰਾਵਲਪਿੰਡੀ ਰਹਿੰਦੇ ਸਨ। ਇਕ ਦਿਨ ਕਿਸੇ ਈਰਖਾਲੂ ਸਾਥੀ ਨੇ ਇਹਨਾਂ ਨਾਲ ਇਕ ਬੜਾ ਵੱਡਾ ਕਹਿਰ ਕਮਾਇਆ। ਸਟੇਸ਼ਨ ਦੇ ਕਿਸੇ ਸ਼ੰਟਿੰਗ ਕਰਨ ਵਾਲੇ ਕਰਮਚਾਰੀ ਨੂੰ ਚੋਰੀ ਰਿਸ਼ਵਤ ਦੇ ਕੇ ਇਹਨਾਂ ਤੋਂ ਅੱਖ ਬਚਾਅ ਕੇ ਫ਼ਰੰਟੀਅਰ ਮੇਲ ਦੇ ਆਖ਼ਰੀ ਡੱਬੇ ਨੂੰ ਗੱਡੀ ਨਾਲੋਂ ਕੱਟ ਦਿਤਾ। ਗਾਰਡ ਸਾਹਿਬ ਨੇ ਝੰਡੀ ਹਿਲਾਈ; ਗੱਡੀ ਜਦੋਂ ਅਗਲੇ ਸਟੇਸ਼ਨ ਤੇ ਪੁਜੀ ਤਾਂ ਆਪ ਜੀ ਨੂੰ ਦਸਿਆ ਗਿਆ ਕਿ ਇਕ ਡੱਬਾ ਪਿਛਲੇ ਸਟੇਸ਼ਨ ਤੇ ਰਹਿ ਗਿਆ ਹੈ।

ਇਹ ਬੜੀ ਵੱਡੀ ਘਟਨਾ ਸੀ। ਆਪ ਨੂੰ ਡਿਊਟੀ ਤੋਂ ਕੁਤਾਹੀ ਕਰਨ ਦੇ ਦੋਸ਼ ਵਿਚ ਮੁਅੱਤਲ ਕਰ ਦਿੱਤਾ ਗਿਆ। ਜਦੋਂ ਤਕ ਮੁਅੱਤਲ ਰਹੇ, ਆਪ ਇਹੋ ਕਹਿੰਦੇ ਹੁੰਦੇ, "ਅਸੀਂ ਹੁਣ ਸੱਚੀ ਸਰਕਾਰ ਦੀ ਹੀ ਨੌਕਰੀ ਕਰਨੀ ਹੈ ਤੇ ਸਾਰਾ ਦਿਨ ਨਾਮ ਸਿਮਰਨ ਅਤੇ ਕੀਰਤਨ ਸੁਣਨ ਵਿਚ ਬਿਤਾਉਂਦੇ। ਉਧਰ ਜਦੋਂ ਪੜਤਾਲੀਆ ਕਮੇਟੀ ਨੇ ਮਾਮਲੇ ਦੀ ਛਾਣ ਬੀਣ ਕੀਤੀ ਤਾਂ ਦੋਸ਼ੀਆਂ ਨੂੰ ਸਜ਼ਾਵਾਂ ਦਿਤੀਆਂ, ਪਰ ਭਾਈ ਗਿਆਨ ਸਿੰਘ ਜੀ ਨੂੰ ਬਾ-ਇਜ਼ਤ ਬਰੀ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਆਪ ਜੀ ਨੂੰ ਇਕ ਵਾਰੀ ਫੇਰ ਕੜਿੱਕੀ ਵਿਚ ਫਸਾਉਣ ਦਾ ਯਤਨ ਕੀਤਾ ਗਿਆ। ਰਾਵਲਪਿੰਡੀ ਸਟੇਸ਼ਨ ਤੇ ਨਾਰਥ ਵੈਸਟਰਨ ਰੇਲਵੇ ਦਾ ਸਭ ਤੋਂ ਵੱਡਾ ਅਫ਼ਸਰ ਮੁਆਇਨਾ ਕਰਨ ਲਈ



www.AKJ.Org

ਆਇਆ ਹੋਇਆ ਸੀ। ਭਾਈ ਸਾਹਿਬ ਆਮ ਵਾਂਗ, ਜਦੋਂ ਗੱਡੀ ਰੁੱਕੀ, ਗੁਰੂ ਗੁਰੂ ਦੀ ਮਧੁਰ ਗੁਟਕਾਰ ਵਿਚ ਮਸਤੂਲ ਮਸਤ ਹੋਏ ਉਤਰੇ, ਕੁਝ ਕਾਗਜ਼ਾਂ ਦਾ ਲੈਣ ਦੇਣ ਸਟੇਸ਼ਨ-ਮਾਸਟਰ ਨਾਲ ਕੀਤਾ। ਡੱਬੇ ਵਿਚੋਂ ਨਿਕਲ ਕੇ ਸਟੇਸ਼ਨ-ਮਾਸਟਰ ਦੇ ਕਮਰੇ ਤੱਕ ਅਤੇ ਫਿਰ ਆਪਣੀ ਨਾਮ-ਰਸ-ਭਿੰਨੀ ਸੁਰਤ ਵਿਚ ਵਾਪਸ ਆਪਣੇ ਡੱਬੇ ਵਿਚ ਆ ਬਿਰਾਜੇ, ਸਮਾਂ ਹੋਣ ਤੇ ਸੀਟੀ ਵਜਾਈ, ਝੰਡੀ ਹਿਲਾਈ, ਗੱਡੀ ਤੋਰ ਦਿਤੀ ਤੇ ਆਪ ਭੀ ਗੁਰੂ ਗੁਰੂ ਕਰਨ ਵਿਚ ਜੁਟ ਗਏ।

ਨਾਰਥ ਵੈਸਟਰਨ ਰੇਲਵੇ ਦਾ ਗੋਰਾ ਅਫ਼ਸਰ ਕਿਤੇ ਬਰਾਂਡੇ ਵਿਚ ਖੜਾ ਆਪ ਨੂੰ ਵੇਖ ਰਿਹਾ ਸੀ ਕਿ ਕੋਲ ਦੀ ਲੰਘ ਕੇ ਗਿਆ ਹੈ ਤੇ ਸਲਾਮ ਨਹੀਂ ਸੂ ਕੀਤਾ। ਉਸ ਆਪਣੇ ਪੀ. ਏ. ਨੂੰ ਕਿਹਾ, ਇਸ ਦਾ ਨਾਮ ਤੇ ਪਤਾ ਨੋਟ ਕਰੋ, ਹੈਡਕੁਆਰਟਰ ਪੁਜ ਕੇ ਇਸ ਦੀ ਜਵਾਬ-ਤਲਬੀ ਕਰਾਂਗੇ। ਪੀ. ਏ. ਨੇ ਸਾਹਿਬ ਦੇ ਹੁਕਮ ਅਨੁਸਾਰ ਆਪ ਦਾ ਨਾਮ ਪਤਾ ਆਦਿ ਲਿਖ ਕੇ ਫ਼ਾਈਲ ਵਿਚ ਦਫ਼ਤਰੀ ਨੋਟ ਪੁੱਟ-ਅਪ ਕੀਤਾ। ਅਗਲੇ ਦਿਨ ਫ਼ਾਈਲ ਸਾਹਿਬ ਨੇ ਬਿਨਾਂ ਕੁਝ ਲਿਖੇ ਵਾਪਸ ਮੋੜ ਦਿਤੀ। ਪੀ. ਏ. ਨੇ ਫੇਰ ਭੇਜੀ, ਫ਼ਿਰ ਖ਼ਾਲੀ ਮੁੜ ਆਈ। ਤੀਜੀ ਵਾਰੀ ਉਹ ਆਪ ਫ਼ਾਈਲ ਲੈ ਕੇ ਸਾਹਿਬ ਕੋਲ ਗਿਆ ਤੇ ਯਾਦ ਕਰਾਇਆ ਕਿ ਗਿਆਨ ਸਿੰਘ ਨੇ ਆਪ ਨੂੰ ਸਲਾਮ ਨਾ ਕਰਨ ਦੀ ਗੁਸਤਾਖ਼ੀ ਕੀਤੀ ਸੀ, ਉਸ ਨੂੰ ਤਾੜਨਾ ਕਰਨ ਲਈ ਕੀ ਹੁਕਮ ਹੈ? ਸਾਹਿਬ ਹੱਸ ਪਿਆ ਤੇ ਕਹਿਣ ਲੱਗਾ ਕਿ ਜਦੋਂ ਮੈਂ ਇਸ ਫ਼ਾਈਲ ਤੇ ਕੁਝ ਲਿਖਣ ਲੱਗਦਾ ਹਾਂ, ਮੈਨੂੰ ਭੈ ਆਉਂਦਾ ਹੈ ਅਤੇ ਸਿਰ ਚਕਰਾਅ ਜਾਂਦਾ ਹੈ। 'ਫ਼ਾਰ ਗਾਡ ਸੇਕ' ਫਾਈਲ ਬੰਦ ਕਰ ਦੇਹ ਤੇ ਮੈਨੂੰ ਪਤਾ ਕਰ ਕੇ ਦੱਸ ਕਿ ਇਹ ਆਦਮੀ ਕੌਣ ਹੈ? ਪੀ. ਏ. ਦੇ ਦੱਸਣ ਤੇ ਗੋਰਾ ਸਾਹਿਬ ਬੜਾ ਹੈਰਾਨ ਹੋਇਆ। ਸੱਚ ਹੀ ਤਾਂ ਹੈ:-

ਜਿਹ ਜਿਹ ਕਾਜ ਕਿਰਤ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥੧॥ ਰਹਾਉ॥੧੨੯॥

[ਆਸਾ ਮ: ੫, ਪੰਨਾ ੪੦੩

ਪਟਿਆਲੇ ਦੇ ਭਾਈ ਆਤਮਾ ਸਿੰਘ ਜੀ ਪੁਰੀ ਰੀਟਾਇਰਡ ਬੈਂਕ ਮੈਨੇਜਰ ਅਤੇ ਭਾ: ਹਰਬੰਸ ਸਿੰਘ ਪ੍ਰੇਮੀ ਦਸਦੇ ਹਨ ਕਿ ਭਾਈ ਸਾਹਿਬ ਨਾਮ ਬਾਣੀ ਦੇ ਕਮਾਲ ਦਰਜੇ ਦੇ ਰਸੀਏ ਸਨ। ਮਸਤੀ ਵਿਚ ਉਹਨਾਂ ਦਾ ਸਿਰ ਝੂਮਦਾ ਹੀ ਰਹਿੰਦਾ ਸੀ, ਹਰ ਵਕਤ ਬੁਲ੍ਹ ਫਰਕਦੇ ਹੀ ਰਹਿੰਦੇ ਸਨ ਗੁਰੂ ਗੁਰੂ ਕਰਦਿਆਂ। ਜਿਨ੍ਹਾਂ ਨੇ ਉਹਨਾਂ ਨੂੰ ਨਿਤਨੇਮ ਕਰਦਿਆਂ ਸੁਣਿਆ ਹੈ, ਉਹ ਦਸਦੇ ਹਨ ਕਿ ਬੜੇ ਸਹਜ ਵਿਚ ਅਤੇ ਬੜੇ ਵੈਰਾਗ ਵਿਚ ਆਪ ਪੰਜੇ ਬਾਣੀਆਂ ਦਾ ਪਾਠ ਕਰੀਬ ਦੋ ਘੰਟਿਆਂ ਵਿਚ ਕਰਦੇ ਅਤੇ ਜਦੋਂ ਗੁਰੂ ਮਹਾਰਾਜ ਦਾ ਵਾਕ ਲੈਂਦੇ ਸਨ ਤਾਂ ਅਤਿ ਵੈਰਾਗ ਵਿਚ ਸਜੱਲ ਨੇਤਰੀਂ ਹੋਏ ਹੋਏ। ਇਕ ਇਕ ਤੁਕ ਰਸ ਵਿਚ ਲੀਨ ਹੋਏ ਪੜ੍ਹਦੇ ਤੇ ਕਈ ਕਈ ਵਾਰੀ ਪੜ੍ਹਦੇ, ਮਾਨੋ ਸਤਿਗੁਰਾਂ ਨਾਲ ਗੱਲਾਂ ਕਰ ਰਹੇ ਹੁੰਦੇ ਹਨ।

ਵੈਸੇ ਤਾਂ ਗੁਰਸਿੱਖ ਨੂੰ ਦਸਵੰਧ ਕੱਢਣ ਦਾ ਹੁਕਮ ਹੈ, ਪਰ ਭਾਈ ਗਿਆਨ ਸਿੰਘ ਜੀ ਦੀ ਦਾਨੀ ਬਿਰਤੀ ਐਸੀ ਸੀ ਕਿ ਅੱਧੀ ਤਨਖ਼ਾਹ ਹੀ ਗੁਰੂ ਲੇਖੇ ਲਗਾ ਕੇ ਪ੍ਰਸੰਨ ਹੁੰਦੇ ਸਨ। ਦਰ-ਅਸਲ ਇਹੋ ਜਿਹੀਆਂ ਭਿਜੀਆਂ ਰੂਹਾਂ ਜਦੋਂ ਕਦੀ ਸੰਸਾਰ ਤੇ ਆਉਂਦੀਆਂ ਹਨ, ਆਪ ਭੀ ਕਮਾਈ ਕਰਦੀਆਂ ਹਨ ਅਤੇ ਆਪਣੇ ਦੁਆਲੇ ਸਤਸੰਗ-ਮੰਡਲੀ ਕਾਇਮ ਕਰ ਲੈਂਦੀਆਂ ਹਨ। ਅਨੇਕਾਂ ਰੂਹਾਂ ਉਹਨਾਂ ਨਾਲ ਲੱਗ ਕੇ ਆਤਮਕ ਕਮਾਈ ਵਿਚ ਜੁੱਟ ਪੈਂਦੀਆਂ ਹਨ। ਆਪ ਕੀਰਤਨ ਸੁਣਨ ਦੇ ਬੜੇ ਆਸ਼ਕ ਸਨ। ਕੋਈ ਸਿੰਘ ਜਾਂ ਸਿੰਘਣੀ ਕੀਰਤਨ ਸੁਣਾਵੇ, ਆਪ ਨੂੰ ਚਾਉ ਚੜ੍ਹ ਜਾਂਦਾ ਸੀ। ਕਈ ਵਾਰੀ ਕੀਰਤਨ ਸੁਣਦਿਆਂ ਸੁਣਦਿਆਂ ਗੱਡੀ ਦੇ ਟਾਈਮ ਤੋਂ ਭੀ ਉੱਪਰ ਸਮਾਂ ਹੋ ਜਾਣਾ। ਕਿਸੇ ਨੇ ਕਹਿਣਾ, ਤੁਹਾਡੀ ਗੱਡੀ ਦਾ ਸਮਾਂ ਤਾਂ ਉੱਪਰ ਹੋ ਗਿਆ ਹੈ। 'ਹਛਾ' ਕਹਿ ਕੇ ਤਿਆਰ ਹੋ ਕੇ ਜਦੋਂ ਸਟੇਸ਼ਨ ਤੇ ਜਾਣਾ ਤਾਂ ਗੱਡੀ ਲੇਟ ਹੁੰਦੀ ਸੀ ਤੇ ਭਾਈ ਸਾਹਿਬ ਕਦੇ ਡਿਊਟੀ ਤੋਂ ਖੁੰਜੇ ਨਹੀਂ। ਇਹੋ ਜੇਹੀਆਂ ਰੂਹਾਂ ਨੂੰ ਤਾਂ—



www.AKJ.Org

ਬੇਦ ਕਤੇਬ ਸੰਸਾਰ ਹਭਾਹੂ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥
(ਆਸਾ ਮ: ੫, ਪੰਨਾ ੩੯੭)

ਫਿਰ ਜਿਨ੍ਹਾਂ ਨੂੰ ਜ਼ਾਹਰਾ ਦਿਸਦਾ ਹੈ ਉਹ ਡੋਲਦੇ ਨਹੀਂ, ਬਸ ਉਸ ਦੀ ਰਜ਼ਾ ਵਿਚ ਹੀ ਅਡੋਲ ਜਿਹੇ ਟਿਕੇ ਰਹਿੰਦੇ ਹਨ।

ਐਸੇ ਕੀਰਤਨ ਦੇ ਆਸ਼ਕ ਅਤੇ ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਮਿਲੇ ਬਗ਼ੈਰ ਕਿਵੇਂ ਰਹਿ ਸਕਦੇ ਸਨ ? ਜਦੋਂ ਭੀ ਡਾਕਟਰ ਪਰਗਟ ਸਿੰਘ ਜੀ ਅਤੇ ਬੀਬੀ ਇੰਦਰ ਕੌਰ ਜੀ ਦੇ ਘਰ ਰਾਵਲਪਿੰਡੀ ਵਿਖੇ ਸਮਾਗਮ ਹੋਣਾ, ਆਪ ਧਾਹ ਕੇ ਪੁਜਦੇ ਤੇ ਕੀਰਤਨ ਦੇ ਲਾਹੇ ਲੈਂਦੇ।

੧੯੪੦ ਵਿਚ ਨੌਕਰੀ ਤੋਂ ਰੀਟਾਇਰ ਹੋਣ ਤੋਂ ਮਗਰੋਂ ਆਪ ਨੇ ਸ੍ਰੀ ਅੰਮ੍ਰਿਤਸਰ ਵਿਖੇ ਹੀ ਪੱਕੀ ਰਿਹਾਇਸ਼ ਕਰ ਲਈ। ਜਦੋਂ ਭੀ ਭਾਈ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨ ਮੇਲੇ ਕਰਨ ਲਈ ਆਉਣਾ ਅਤੇ ਥਾਉਂ ਥਾਈਂ ਸਮਾਗਮ ਹੋਣੇ, ਭਾਈ ਗਿਆਨ ਸਿੰਘ ਜੀ ਇਹਨਾਂ ਸਮਾਗਮਾਂ ਵਿਚ ਜ਼ਰੂਰ ਹਾਜ਼ਰੀ ਭਰਦੇ। ਇਕ ਵਾਰ ਦੀ ਗੱਲ ਹੈ ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ ਜੱਥੇ ਵਲੋਂ ਕੀਰਤਨ ਸਮਾਗਮ ਸੀ। ਭਾਈ ਸਾਹਿਬ ਆਪ ਕੀਰਤਨ ਕਰ ਰਹੇ ਸਨ, ਜਦੋਂ ਭਾਈ ਗਿਆਨ ਸਿੰਘ ਜੀ ਦੀਵਾਨ ਵਿਚ ਪੁਜੇ, ਮੱਥਾ ਟੇਕ ਕੇ ਆਪ ਪਿਛੇ ਜਿਹੇ ਜਾ ਕੇ ਬੈਠ ਗਏ। ਪਤਾ ਨਹੀਂ ਭਾਈ ਸਾਹਿਬ ਜੀ ਨੇ ਕਦੋਂ ਉਹਨਾਂ ਨੂੰ ਤਕ ਲਿਆ, ਕੀਰਤਨ ਕਰਦਿਆਂ ਦੇ ਇਕ ਸਿੰਘ ਨੂੰ ਭਾਈ ਗਿਆਨ ਸਿੰਘ ਜੀ ਪਾਸ ਭੇਜ ਕੇ ਆਪਣੇ ਸਾਹਮਣੇ ਬਿਠਾ ਕੇ ਕੀਰਤਨ ਕਰਦੇ ਰਹੇ। ਸਮਾਪਤੀ ਹੋਣ ਤੇ ਭਾਈ ਸਾਹਿਬ ਆਪ ਜੀ ਨੂੰ ਮਿਲ ਕੇ ਕਹਿਣ ਲਗੇ, "ਪਿਆਰਿਓ, ਜਦੋਂ ਆਉਂਦੇ ਹੋ, ਸਾਡੇ ਸਾਹਮਣੇ ਬੈਠਿਆ ਕਰੋ, ਸਾਨੂੰ ਚੜ੍ਹਦੀਆਂ ਕਲਾਂ ਮਿਲਦੀਆਂ ਹਨ।"

ਇਹ ਰਾਜ਼ ਭਰੀ ਗੱਲ ਭਾਈ ਸਾਹਿਬ ਜੀ ਦੇ ਸਾਰੇ ਸੰਗੀ ਸਾਥੀ ਜਾਣਦੇ ਹਨ। ਦਾਸ ਭੀ ਇਹੋ ਵੇਖਦਾ ਰਿਹਾ ਹੈ ਗੁਰਸਿੱਖ ਹੰਸਾਂ ਦੀਆਂ ਡਾਰਾਂ ਦੀਆਂ ਡਾਰਾਂ ਸਾਹਮਣੀ ਲਾਈਨ ਵਿਚ ਸਜੀਆਂ ਹੁੰਦੀਆਂ। ਕਈਆਂ ਨੇ ਭਾਈ ਸਾਹਿਬ ਜੀ ਦੇ ਦੁਆਲੇ ਇਉਂ ਝੁਰਮਟ ਪਾਇਆ ਹੁੰਦਾ ਤੇ ਰੰਗਾਂ ਵਿਚ ਮਸਤੂਲ ਮਸਤ ਹੋਏ ਹੋਏ ਹੁੰਦੇ ਸਨ, ਬਸ ਦੇਖਾ ਹੀ ਪਰਵਾਨ ਹੈ। ਕਹਿਣ ਕਥਨ ਵਿਚ ਉਹ ਸੋਭਾ ਨਹੀਂ ਜਿਵੇਂ ਉਹ ਸਾਰੇ "ਤੂ ਸਤਿਗੁਰੁ ਚਹੁ ਜੁਗੀ, ਆਪਿ ਆਪੇ ਪਰਮੇਸੁਰ" (੧੪੦੬) ਨੂੰ ਮੁਖ਼ਾਤਬ ਹੋ ਕੇ ਕੀਰਤਨ ਕਰ ਰਹੇ ਹੁੰਦੇ ਸਨ।

ਉਨ੍ਹੀਂ ਦਿਨੀਂ ਕੀਰਤਨ ਕਰਨ ਵਾਲੇ ਸਿੰਘਾਂ ਸਿੰਘਣੀਆਂ ਦਾ ਕੀਰਤਨ ਕਰਨ ਦਾ ਰੰਗ ਢੰਗ ਹੀ ਹੋਰ ਸੀ। ਜਿਸ ਨੇ ਕੀਰਤਨ ਤੇ ਬੈਠਣਾ ਤੇ ਕੀਰਤਨ ਕਰਨਾ, ਇਉਂ ਜਾਪਦਾ ਹੁੰਦਾ ਜਿਵੇਂ ਉਹ ਸਤਿਗੁਰਾਂ ਦੇ ਸਨਮੁਖ ਬੈਠੇ ਸੰਬੋਧਨ ਹੋ ਕੇ ਕੀਰਤਨ ਕਰ ਰਹੇ ਹੋਣ। ਹੁਣ ਅਸੀਂ ਕੀਰਤਨ ਵਿਚ ਸਤਿਗੁਰਾਂ ਨੂੰ ਸੰਬੋਧਨ ਹੋਣ ਦੀ ਬਜਾਏ ਸੰਗਤਾਂ ਨੂੰ ਹੀ ਸੰਬੋਧਨ ਹੁੰਦੇ ਹਾਂ ਅਤੇ ਉਹਨਾਂ ਨੂੰ ਹੀ ਗੁਰਬਾਣੀ ਵਿਚੋਂ ਪਰਮਾਣ ਦੇ ਦੇ ਕੇ ਸਮਝਾਉਣ ਦਾ ਜਤਨ ਕਰਦੇ ਹਾਂ।

ਭਾਈ ਸਾਹਿਬ ਗਿਆਨ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਤੋਂ ਇਹ ਪਰਤੱਖ ਹੁੰਦਾ ਹੈ ਕਿ ਸੱਚੇ ਪਾਤਸ਼ਾਹ ਉਹਨਾਂ ਦੇ ਸਦਾ ਅੰਗ ਸੰਗ ਹੋ ਕੇ ਵਰਤਦੇ ਸਨ। ਰੀਟਾਇਰ ਹੋਣ ਤੋਂ ਮਗਰੋਂ ਖ਼ੁਸ਼ਾਬ ਵਿਖੇ ਹੀ ਸੰਗਤਾਂ ਦੇ ਉਦਮ ਨਾਲ ਇਕ ਗੁਰਦੁਆਰਾ ਸਾਹਿਬ ਬਣਵਾਇਆ। ਆਪ ਜਪਿਆ ਅਤੇ ਅਨੇਕਾਂ ਸੰਗੀ ਸਾਥੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ੨੨ ਮਈ ੧੯੫੧ ਵਿਚ ਧੁਰੋਂ ਸਦੜੇ ਆਏ ਤੇ ਆਪ ਗੁਰ-ਚਰਨਾਂ ਵਿਚ ਜਾ ਬਿਰਾਜੇ। ਅਜੇ ਭੀ ਐਸੀਆਂ ਬਖਸ਼ੀਆਂ ਰੂਹਾਂ ਇਸ ਸੰਸਾਰ ਵਿਚ ਵਿਚਰ ਰਹੀਆਂ ਹਨ, ਜਿਨ੍ਹਾਂ ਦੀ ਬਰਕਤ ਨਾਲ ਅਨੇਕਾਂ ਦਾ ਉਧਾਰ ਹੋ ਰਿਹਾ ਹੈ ਅਤੇ ਅਗੋਂ ਹੁੰਦਾ ਰਹੇਗਾ।

---

**ਪਾਠਕ ਜੀ**—ਹਰ ਮਹੀਨੇ ਐਡਰੈਸ ਤੋਂ ਪਹਿਲਾਂ ਆਪ ਦਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ। ਇਹ ਨੰਬਰ ਨੋਟ ਕਰੋ ਅਤੇ ਚੰਦਾ ਜਮ੍ਹਾ ਕਰਾਉਣ ਵੇਲੇ ਚਿੱਟ ਨੰਬਰ ਜ਼ਰੂਰ ਲਿਖਾਓ, ਨਹੀਂ ਤਾਂ ਆਪ ਜੀ ਦਾ ਚੰਦਾ ਗਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।



www.AKJ.Org

# ਚੜ੍ਹਦੀ ਕਲਾ ਕਿਵੇਂ ਹੋਵੇ ?

[ਪ੍ਰੋਫ਼ੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ (ਪੰਨਾ ੬੬੭)

ਸ੍ਰੀ ਗੁਰੂ ਰਾਮ ਦਾਸ ਜੀ ਨੇ ਗੁਰਸਿੱਖ ਮਿੱਤਰਾਂ ਨੂੰ ਆਪਣੇ ਸਤਿਗੁਰੂ ਦੇ ਮਗਰ ਚੱਲਣ ਦਾ ਉਪਦੇਸ਼ ਦਿੱਤਾ ਹੈ-ਆਪਣੇ ਗੁਰੂ ਦੇ ਕਹੇ ਅਨੁਸਾਰ ਜੀਵਨ ਜੀਊਣ ਲਈ, ਹੁਕਮਾਂ ਅੰਦਰ ਰਹਿ ਕੇ ਹੁਕਮੀ ਬੰਦਾ ਬਣਨ ਲਈ, ਕੂੜ ਕੁਸੱਤ ਦਾ ਵਿਹੁਾਰ ਛੱਡ ਕੇ ਸਤਿ ਦਾ ਪੱਲਾ ਫੜਨ ਲਈ, ਸਚਿਆਰ ਸਿੱਖ ਬਣਨ ਲਈ।

ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਦੇ ਕਹੇ ਅਨੁਸਾਰ ਕਾਰ (ਕੰਮ) ਕਰਨ ਲਈ ਇਉਂ ਫ਼ੁਰਮਾਉਂਦੇ ਹਨ-

ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇ ਮਨ ਕੀ ਮਤੜੀ ਵਿਸਾਰੇ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥੩॥ (ਸੂਹੀ ਮ: ੫, ਪੰਨਾ ੭੬੩)

ਮਨ ਦੀ ਮੱਤ ਤਿਆਗ ਕੇ, ਏਹੜ ਤੇਹੜ ਛੱਡ ਕੇ, ਗੁਰੂ ਦਾ ਪੱਲਾ ਫੜ ਕੇ, ਗੁਰੂ ਦੇ ਮਗਰ ਚੱਲ ਕੇ, ਗੁਰੂ ਦੀ ਮੱਤ (ਗੁਰਮਤਿ) ਗ੍ਰਹਿਣ ਕਰ ਕੇ, ਗੁਰਮੁਖ ਬਣ ਕੇ, ਇਤ ਮਾਰਗ ਚੱਲ ਕੇ, ਗੁਰਮੁਖ-ਗਾਡੀ ਰਾਹ ਤੇ ਟੁਰ ਕੇ-

ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ ॥

ਪ੍ਰਭੂ ਪ੍ਰੀਤਮ ਦੇ ਦਰਸ਼ਨ ਦੀਦਾਰੇ ਹੋ ਜਾਂਦੇ ਹਨ, ਤੱਤੀ ਵਾ (ਹਵਾ) ਨਹੀਂ ਲੱਗਦੀ, ਕੋਈ ਦੁੱਖ ਤਕਲੀਫ਼ ਨਹੀਂ ਆਉਂਦੀ।

ਦੁਨੀਆ ਦੇ ਝਮੇਲੇ ਹਨ ਦੁੱਖਾਂ ਤੇ ਸੁੱਖਾਂ ਦਾ ਮਿਸ਼ਰਣ (*Mixture*)। ਜਦੋਂ ਦੁੱਖ ਦੂਰ ਹੋ ਗਿਆ, ਤੱਤੀ ਵਾ ਵਗਣੋਂ ਬੰਦ ਹੋ ਗਈ ਤਾਂ ਸੁੱਖ ਦਾ ਸਾਹ ਆਉਣ ਲੱਗ ਪੈਂਦਾ ਹੈ। ਸੁੱਖ ਦਾ ਸਾਹ ਆਉਣ ਨਾਲ ਢੱਠਾ ਮਨ ਉਠ ਖਲੋਂਦਾ ਹੈ, ਨਿੱਸਲ ਮਨ ਚੇਤੰਨ ਹੋ ਜਾਂਦਾ ਹੈ, ਅਵੇਸਲਾਪਨ ਖ਼ਤਮ ਹੋ ਕੇ ਖ਼ਬਰਦਾਰ (ਤਿਆਰ-ਬਰ-ਤਿਆਰ) ਹੋ ਜਾਂਦਾ ਹੈ, ਹਾਏ ਤੋਬਾ ਦੀ ਥਾਂ ਬੱਲੇ ਬੱਲੇ, ਵਾਹ ਵਾਹ ਹੋਣ ਲੱਗ ਪੈਂਦੀ ਹੈ, ਮੁਰਦੇਹਾਣੀ ਦੀ ਥਾਂ ਖੇੜਾ ਆ ਜਾਂਦਾ ਹੈ, ਪਤਝੜ ਦੀ ਥਾਂ ਬਹਾਰ (ਬਸੰਤ ਰੁੱਤ) ਆ ਜਾਂਦੀ ਹੈ, ਸੋਕੇ ਦੀ ਥਾਂ ਤਰਾਵਟ ਆ ਜਾਂਦੀ ਹੈ ਗ਼ਮੀ ਤੇ ਉਦਾਸੀ ਦੀ ਥਾਂ ਅਨੰਦ ਦੇ ਹੁਲਾਰੇ ਆਉਣ ਲੱਗ ਪੈਂਦੇ ਹਨ, ਬੜ੍ਹਕਾਂ ਵੱਜਣ ਲੱਗ ਪੈਂਦੀਆਂ ਹਨ, ਮਨੁੱਖ, ਬੁਜ਼ਦਿਲ (ਡਰਪੋਕ) ਤੋਂ ਸ਼ੇਰ-ਦਿਲ ਹੋ ਜਾਂਦਾ ਹੈ, ਨਿਤਾਣੇ ਤੋਂ ਤਾਣ ਵਾਲਾ (ਬਲਵਾਨ) ਹੋ ਜਾਂਦਾ ਹੈ, ਢਹਿੰਦੀ ਕਲਾ ਤੋਂ ਚੜ੍ਹਦੀ ਕਲਾ ਹੋ ਜਾਂਦੀ ਹੈ। ਹਾਂ ਜੀ ! ਚੜ੍ਹਦੀ ਕਲਾ ਹੋ ਜਾਂਦੀ ਹੈ ਮਨ ਦੀ ਮੱਤ ਤਿਆਗਣ ਨਾਲ, ਏਹੜ ਤੇਹੜ ਛੱਡਣ ਨਾਲ; ਗੁਰ-ਹੁਕਮਾਂ ਅਨੁਸਾਰ ਚੱਲਣ ਨਾਲ। ਤਾਂਹੀਓਂ ਤੇ ਗੁਰੂ ਰਾਮਦਾਸ ਜੀ ਨੇ ਕਿਹਾ ਹੈ-

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥੪॥
(ਧਨਾਸਰੀ ਮ: ੪, ਪੰਨਾ ੬੬੭)

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕੀ ਕਰਨ ਵਾਸਤੇ ਕਿਹਾ ?-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ (ਪੰਨਾ ੩੦੫)

ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਣ ਵਾਲਾ ਭਲਕੇ (ਅੰਮ੍ਰਿਤ ਵੇਲੇ) ਉਠ ਕੇ ਨਾਮ ਸਿਮਰਨ ਕਰੇ, ਹਰਿਨਾਮੁ ਧਿਆਵੇ, ਪ੍ਰਭੂ ਪ੍ਰਤਿਪਾਲਕ ਨੂੰ ਯਾਦ ਕਰੇ, ਉਸ ਨੂੰ ਵਾਜਾਂ ਮਾਰੇ, ਉਸ ਦਾ ਧਿਆਨ ਆਪਣੇ ਵਲ ਖਿੱਚੇ, ਉਸ ਨੂੰ ਆਪਣਾ ਦੁੱਖ ਦੱਸੇ, ਆਪਣੀਆਂ ਭੁੱਲਾਂ ਦੀ ਮੁਆਫ਼ੀ ਮੰਗੇ, ਹੁਕਮਿ ਰਜਾਈ ਚੱਲਣ ਲਈ ਪ੍ਰਤੱਗਿਆ ਕਰੇ, ਹੁਕਮੀ ਬੰਦਾ ਬਣ ਕੇ ਰਾਜ਼ਕ (ਵਾਹਿਗੁਰੂ) ਦੀ ਰਜ਼ਾ (ਭਾਣ) ਵਿਚ ਰਾਜ਼ੀ ਰਹੇ, ਭਾਣੇ ਨੂੰ ਮਿੱਠਾ ਕਰਕੇ ਮੰਨੇ, ਵਾਹੁ ਵਾਹੁ ਦੀ ਰੰਗਣ ਵਿਚ ਰੰਗਿਆ ਰਹੇ। ਬਹਿੰਦਿਆਂ ਉਠਦਿਆਂ ਹਰਿਨਾਮ



www.AKJ.Org

ਧਿਆਵੇ, ਸਾਸਿ ਗਿਰਾਸਿ ਧਿਆਏ, ਸਵਾਸ ਸਵਾਸ ਨਾਮ ਜਪੇ, ਗੁਰਬਾਣੀ ਪੜ੍ਹੇ, ਗੁਰਬਾਣੀ ਸੁਣੇ, ਗੁਰਬਾਣੀ ਗਾਵੇ, ਹਰਿ ਜਸ ਦੀਆਂ ਘੁੰਮਰਾਂ ਪਾਵੇ, ਹਰਿ ਜਸ ਵਿਚ ਲਿਵਲੀਨ ਹੋ ਜਾਏ। ਸਤਿਗੁਰੂ ਜੀ ਫ਼ੁਰਮਾਉਂਦੇ ਹਨ–

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ (ਪੰਨਾ ੩੦੫)

ਭਾਵ, ਸਿਮਰਨ ਕਰਨ ਨਾਲ ਸਾਰੇ ਪਾਪ, ਵਖੇਵੇਂ ਅਤੇ ਦੁੱਖ ਦੂਰ ਹੋ ਜਾਂਦੇ ਹਨ।

ਜਦੋਂ ਮਨੁੱਖ ਵਖੇਵਿਆਂ ਵਿਚ ਫਸ ਜਾਂਦਾ ਹੈ ਅਤੇ ਦੁੱਖਾਂ ਵਿਚ ਘਿਰ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਦੁੱਖੀ ਮਹਿਸੂਸ ਕਰਨ ਲੱਗ ਜਾਂਦਾ ਹੈ। ਦੁਖੀ ਮਨ ਢਹਿੰਦੀ ਕਲਾ ਦਾ ਸੂਚਕ ਬਣ ਜਾਂਦਾ ਹੈ। ਜਦੋਂ ਦੁੱਖਾਂ ਦੀ ਥਾਂ ਅਨੰਦ ਰੂਪ ਖੇੜਾ ਛਾ ਜਾਂਦਾ ਹੈ ਤਾਂ ਢਹਿੰਦੀ ਕਲਾ ਚੜ੍ਹਦੀ ਕਲਾ ਵਿਚ ਬਦਲ ਜਾਂਦੀ ਹੈ।

ਵਾਹਿਗੁਰੂ ਦਾ ਨਾਂ ਸਾਰੇ ਦੁੱਖਾਂ-ਕਲੇਸ਼ਾਂ ਨੂੰ ਦੂਰ ਕਰਨਹਾਰਾ ਹੈ, ਸਾਰੇ ਰੋਗਾਂ ਦੀ ਦੁਆਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਉਂ ਹੀ ਕਿਹਾ ਹੈ–

ਦੁਖ ਭੰਜਨੁ ਤੇਰਾ ਨਾਮੁ ਜੀ, ਦੁਖ ਭੰਜਨੁ ਤੇਰਾ ਨਾਮੁ ॥ (ਪੰਨਾ ੨੧੮)

ਜਦੋਂ ਦੁੱਖ ਕਲੇਸ਼ ਦੂਰ ਹੋ ਗਏ ਤਾਂ ਚੜ੍ਹਦੀ ਕਲਾ ਆਪ ਆ ਜਾਂਦੀ ਹੈ। ਇਸ ਦਾ ਭਾਵ ਇਹ ਹੋਇਆ ਕਿ "ਨਾਮ" ਧੁਰਾ ਹੈ ਸੁਖੀ ਜੀਵਨ ਦਾ, ਅਤੇ "ਨਾਮ" ਕੁੰਜੀ ਹੈ ਚੜ੍ਹਦੀ ਕਲਾ ਦੀ । ਇਹ ਕੁੰਜੀ ਕਿਥੋਂ ਪ੍ਰਾਪਤ ਹੁੰਦੀ ਹੈ ?

ਸਤਿਗੁਰੁ ਦਾਤਾ ਹਰਿ ਨਾਮ ਕਾ......॥੨॥੬੫॥ (ਪੰਨਾ ੩੯)

ਭਾਵ, ਸਤਿਗੁਰੂ ਹਰਿ ਨਾਮ ਦੀ ਦਾਤਿ ਦੇਣ ਵਾਲਾ ਹੈ ਤਾਂ ਤੇ ਗੁਰੂ ਦੇ ਚਰਨੀਂ ਲੱਗਣਾ, ਗੁਰੂ ਦਾ ਪੱਲਾ ਫੜਨਾ, ਅਰਥਾਤ, ਅੰਮ੍ਰਿਤ ਛਕਣਾ ਅਤਿ ਜ਼ਰੂਰੀ ਹੈ, ਤਾਂ ਜੁ "ਨਾਮ" ਦੀ ਪ੍ਰਾਪਤੀ ਹੋ ਜਾਵੇ।

ਆਓ ਇਸ ਸਾਰੀ ਵਿਚਾਰ ਤੇ ਮੁੜ ਕੇ ਝਾਤ ਮਾਰੀਏ ਕਿ ਚੜ੍ਹਦੀ ਕਲਾ ਕਿਵੇਂ ਹੋਵੇ ?

੧) ਗੁਰੂ ਦੇ ਲੜ ਲੱਗਿਆ ਜਾਏ, ਖੰਡੇ ਦੀ ਪਾਹਲ ਲਈ ਜਾਏ, ਅਰਥਾਤ, ਅੰਮ੍ਰਿਤ ਛਕਿਆ ਜਾਏ। ਗੁਰੂ ਦਰਬਾਰ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਅੰਮ੍ਰਿਤ ਨਾਮ ਲਈ ਜਾਚਨਾ ਕੀਤੀ ਜਾਏ।

੨) "ਨਾਮ" ਦੇ ਬੂਟੇ ਦੀ ਰਖਵਾਲੀ ਵਾਸਤੇ ਸ੍ਰੀਰਕ ਖੇਤ ਦੁਆਲੇ ਪੰਜ ਕਕਾਰਾਂ ਦੀ ਵਾੜ ਵਿਚ ਢਿਲ ਨਾ ਪੈਣ ਦਿੱਤੀ ਜਾਏ।

੩) "ਨਾਮ" ਦੇ ਬੂਟੇ ਦੇ ਵਧਣ ਫੁੱਲਣ ਵਾਸਤੇ ਗੁਰੂ ਦੀ ਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਜਾਏ। ਗੁਰਬਾਣੀ ਨੂੰ ਪੜ੍ਹਿਆ, ਸੁਣਿਆ, ਗਾਵਿਆ ਤੇ ਵਿਚਾਰਿਆ ਜਾਏ । ਗੁਰਬਾਣੀ ਨੂੰ ਮੰਨ ਵਸਾ ਕੇ ਗੁਰਬਾਣੀ ਅਨੁਸਾਰ ਅਮਲੀ ਜੀਵਨ ਬਣਾਇਆ ਜਾਏ।

੪) "ਨਾਮ" ਦੇ ਫਲ ਦੀ ਪ੍ਰਾਪਤੀ ਵਾਸਤੇ ਸਾਧ ਸੰਗਤਿ ਵਿਚ ਜਾ ਕੇ ਨਿਸ਼ਕਾਮ ਸੇਵਾ ਕੀਤੀ ਜਾਏ।

੫) "ਨਾਮ" ਦੇ ਹੁਲਾਰੇ ਲੈਣ ਵਾਸਤੇ ਬਹਿੰਦਿਆਂ ਉਠਦਿਆਂ, ਸੁੱਤਿਆਂ ਜਾਗਦਿਆਂ, ਤੁਰਦਿਆਂ ਫਿਰਦਿਆਂ ਸਵਾਸ ਸਵਾਸ ਨਾਮ ਜਪਿਆ ਜਾਏ, ਜਿਵੇਂ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ—

ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥੧॥੬੧॥(ਪੰਨਾ ੩੮੬)

੬) ਸੱਤ ਦਾ ਵਿਉਹਾਰ ਰੱਖਿਆ ਜਾਏ। ਵੱਢੀ ਬੇਈਮਾਨੀ ਦੀ ਥਾਂ ਧਰਮ ਦੀ ਕਿਰਤ ਕੀਤੀ ਜਾਏ, ਕਿਉਂਕਿ "ਨਾਮ" ਸਤਿ ਹੈ ਅਤੇ ਸੱਚੀ ਸੁੱਚੀ ਕਿਰਤ ਕਮਾਈ ਤੋਂ ਬਿਨਾਂ ਸਤਿ ਦਾ ਬੂਟਾ ਵਧ ਫੁਲ ਨਹੀਂ ਸਕਦਾ।

੭) ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਦਿੱਤਾ ਜਾਏ, ਤਾਂ ਜੁ ਸੇਵਾ-ਸਿਮਰਨ ਦੀ ਰੁਚੀ ਬਣੀ ਰਹੇ।

੮) ਸੰਗਤ ਗੁਰਮੁਖਾਂ ਤੇ ਭਲੇ ਪੁਰਸ਼ਾਂ ਨਾਲ ਰੱਖੀ ਜਾਏ, ਤਾਂ ਜੁ ਨਾਮ ਸਿਮਰਨ ਵਿਚ ਵਖੇਵਾਂ ਨਾ ਪਵੇ।

੯) ਕੁਰਹਿਤਾਂ ਤੋਂ ਬਚ ਕੇ ਰਹਿਆ ਜਾਏ ਅਤੇ ਆਹਾਰ (ਖ਼ੁਰਾਕ), ਵਿਹਾਰ ਤੇ ਆਚਾਰ (ਚਾਲ ਚਲਣ) ਨੂੰ ਠੀਕ ਰੱਖਿਆ ਜਾਏ, ਤਾਂ ਜੁ ਨਾਮ-ਸਿਮਰਨ ਵਿਚ ਕੋਈ ਅਟਕਾਅ ਜਾਂ ਅੜੱਚਣ ਨਾ ਪਵੇ।

੧੦) ਪਰਉਪਕਾਰੀ ਬਣਿਆ ਜਾਏ ਅਤੇ ਸਰਬੱਤ ਦਾ ਭਲਾ ਚਿਤਵਿਆ ਜਾਏ, ਤਾਂ ਜੁ ਵਾਹਿਗੁਰੂ ਦੀ ਮੇਹਰ ਦੇ ਪਾਤਰ ਬਣਿਆ ਜਾ ਸਕੇ।



www.AKJ.Org

# ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ

[ਫ਼ਰਵਰੀ ੧੯੭੫ 'ਸੂਰਾ' ਵਿਚ ਛਪਿਆ ਲੇਖ ਦੁਬਾਰਾ ਦਿਤਾ ਜਾ ਰਿਹਾ ਹੈ। ਅੰਤ ਵਿਚ ਕੁਝ ਸਤਰਾਂ ਹੋਰ ਧਾਈਆਂ ਹਨ।[

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ, ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ, ਜੋ ਗੁਰ ਸਰਣਾਈ ਭਜਿ ਪਇਆ ॥੨॥੬॥

[ਪ੍ਰਭਾਤੀ ਮ: ੩, ਪੰਨਾ ੧੩੩੪

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਅੰਦਰਿ ਗੁਰਮਤਿ ਨਾਮ ਨੂੰ ਗੁਹਜ ਹੀ ਰਖਿਆ ਗਿਆ ਹੈ, ਸਪੱਸ਼ਟ ਰੂਪ ਵਿਚ ਨਹੀਂ ਪ੍ਰਗਟਾਇਆ ਗਿਆ। ਸਤਿਨਾਮ ਨੂੰ ਲਖਾਉਣ ਖ਼ਾਤਰ ਇਸ ਦੇ ਲਖਾਇਕ ਵਿਸ਼ੇਸ਼ਣ ਹੀ ਵਰਤੇ ਗਏ ਹਨ।

( ੧ )

ਸਤਿਨਾਮ ਸ਼ਬਦ ਗੁਰਮੰਤ੍ਰ ਨਹੀਂ, ਇਸ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਦੇ ਹਨ—

"ਲਫ਼ਜ਼ 'ਸਤਿਨਾਮ' ਗੁਰਮੰਤ੍ਰ ਦਾ ਲਖਾਇਕ ਵਿਸ਼ੇਸ਼ਣ ਹੈ। ਗੁਰ ਪ੍ਰਸਾਦਿ ਜਪਣ ਜੋਗ ਗੁਰਮਤਿ ਨਾਮ ਜੋ ਹੈ, ਗੁਰਮੰਤ੍ਰ ਰੂਪ ਹੋਣ ਕਰਿ ਤਿਸ ਦਾ ਆਮ ਤੌਰ ਤੇ (ਖੁਲ੍ਹਮ-ਖੁਲ੍ਹਾ) ਅੱਖਰਾਂ ਵਿਚ ਪ੍ਰਗਟਾਉਣਾ, ਜ਼ਾਹਰ ਕਰਨਾ, ਜਤਾਉਣਾ ਇਕ ਹੋਛੀ ਗੱਲ ਹੈ, ਇਹ ਗੁਹਜ ਗੁਰ-ਮੰਤ੍ਰ ਧੁਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਾਈਂ ਗੁਹਜ ਦਸ਼ਾ ਵਿਚ ਹੀ ਸੀਨਾ ਬਸੀਨਾ ਚਲਿਆ ਆਇਆ ਹੈ। ਖ਼ੁਦ ਅਕਾਲ ਪੁਰਖ ਨੇ ਇਸ ਨੂੰ ਅਜ਼ਲ ਤੋਂ ਹੀ ਗੁਹਜ ਗੁਪਤ ਰਖਿਆ ਅਤੇ ਕੇਵਲ ਗੁਰੂ ਨਾਨਕ ਸਾਹਿਬ ਪ੍ਰਤੀ ਹੀ ਇਸ ਨੂੰ ਪ੍ਰਗਟਾਇਆ। ਐਸੇ ਅਮੋਲਕ ਪਦਾਰਥ ਨੂੰ, ਜਿਸ ਦੇ ਪ੍ਰਿਥਮ ਜਾਨਣ ਤੇ ਲਖਣ ਦਾ ਅਧਿਕਾਰ ਕੇਵਲ ਗੁਰੂ ਨਾਨਕ ਸਾਹਿਬ ਨੂੰ ਧੁਰ ਦਰਗਾਹੋਂ ਪ੍ਰਾਪਤ ਹੋਇਆ, ਉਸ ਨੂੰ ਭਲਾ ਗੁਰੂ ਨਾਨਕ ਸਾਹਿਬ ਜੀ ਕਿਵੇਂ ਅਨ-ਅਧਿਕਾਰੀ ਜਨਤਾ ਪ੍ਰਤੀ ਪ੍ਰਗਟ ਕਰਨ ਦੀ ਖੁਲ੍ਹੀ ਖੇਡ ਵਰਤਾ ਸਕਦੇ ਸਨ।...

"ਗੁਰਬਾਣੀ ਅੰਦਰ ਇਸ ਗੁਰਮਤਿ ਨਾਮ ਗੁਰਮੰਤ੍ਰ ਨੂੰ ਬਹੁਤ ਹਦ ਤਾਈਂ ਗੁਹਜ ਹੀ ਰਖਿਆ ਗਿਆ ਹੈ ਤੇ ਆਮ ਤੌਰ ਪਰ ਗੁਰਮਤਿ ਨਾਮ ਲਖਾਇਕ ਹੋਰ ਹੋਰ 'ਰਾਮ' 'ਹਰਿ' ਸੰਗਿਆਂ ਹੀ ਦਿਤੀਆਂ ਗਈਆਂ ਹਨ।" ['ਨਾਮ ਤੇ ਨਾਮ ਦਾ ਦਾਤਾ ਸਤਿਗੁਰੂ'– ਪੰਨਾ ੧੧-੧੨

ਉਪਰੋਕਤ ਵਿਚਾਰ ਦਾ ਸਾਰ ਸਿੱਟਾ ਇਹ ਨਿਕਲਦਾ ਹੈ ਕਿ ਨਾਮ ਦਾ ਸਸਤਾ ਸੌਦਾ, ਨਾਮ ਤੇ ਨਾਉਂ ਤੋਂ ਅਸ਼ਰਧਾ ਉਤਪੰਨ ਕਰਾਉਣ ਦੇ ਤੁਲ ਹੈ। ਖੁਲ੍ਹੀ ਸੰਗਤ ਵਿਚ ਨਾਮ ਜਪਾਣ ਦੀ ਖੁਲ੍ਹ-ਖੇਡ ਵਰਤਾਉਣੀ ਅਮੋਲਕ ਨਾਮ ਨੂੰ ਕੌਡਾਂ ਦੇ ਭਾਅ ਲੁਟਾਣਾ ਹੈ। ਗੁਰ-ਹੁਕਮ ਹੈ—

ਹੀਰਾ ਲਾਲੁ ਅਮੋਲਕੁ ਹੈ ਭਾਰੀ, ਬਿਨੁ ਗਾਹਕ ਮੀਕਾ ਕਾਖਾ ॥...
ਮਨਮੁਖ ਕੋਠੀ ਅਗਿਆਨੁ ਅੰਧੇਰਾ, ਤਿਨ ਘਰਿ ਰਤਨੁ ਨ ਲਾਖਾ ॥੨॥੨॥

[ਜੈਤਸਰੀ ਮ: ੪, ਪੰਨਾ ੬੯੬

ਇਸ ਤਰ੍ਹਾਂ ਕਿਸੇ ਦਾ ਸਰਦਾ ਸੁਰਦਾ ਕੁਝ ਨਹੀਂ, ਸਗੋਂ ਕਈ ਹਾਲਤਾਂ ਵਿਚ ਹਾਸੋ-ਹੀਣਾ ਬਣਾਉਂਦਾ ਹੈ। ਅਨ-ਅਧਿਕਾਰੀ ਤੇ ਅਸ਼ਰਧਕ ਪ੍ਰਾਣੀਆਂ ਨੂੰ ਗੁਰਬਾਣੀ ਦੇ ਢੁਕਵੇਂ ਸ਼ਬਦਾਂ ਦੇ ਹਿਰਦੇ-ਵਿੰਨ੍ਹਵੇਂ ਕੀਰਤਨ-ਉਪਦੇਸ਼ ਦੁਆਰਾ ਹੀ ਪ੍ਰੇਰਿਆ ਜਾ ਸਕਦਾ ਹੈ। ਨਿਸ਼ਾਨਾ ਆਪ ਜਪਣ ਦਾ ਤੇ ਆਪ ਰਸ-ਲੀਨ ਹੋਣ ਦਾ ਹੀ ਹੋਣਾ ਚਾਹੀਦਾ ਹੈ, ਨਾ ਕਿ ਨਾਮ ਜਪਣ ਜਪਾਉਣ ਦਾ ਦਿਖਾਵਾ ਕਰਨਾ। ਦੂਜਿਆਂ ਨੂੰ ਰਸ ਤਾਂ ਹੀ ਆ ਸਕਦਾ ਹੈ ਜੇ ਕੀਰਤਨੀਆ ਆਪ ਰਸ-ਲੀਨ ਹੋਵੇ ਅਤੇ ਨਾਮ-ਰਸ-ਜੋਤਿ ਦੇ ਵਿਗਾਸ ਵਿਚ ਹੀ ਕੀਰਤਨ-ਧੁਨੀਆਂ ਦੀ ਅੰਮ੍ਰਿਤ ਬਰਖਾ ਵਿਚ ਸਰਸ਼ਾਰ ਹੋਵੇ।

"ਆਤਮ-ਰਸ ਆਇਆਂ ਹੀ ਵਿਸਮਾਦ-ਰਸ ਦੀ ਲਖਤਾ ਹੁੰਦੀ ਹੈ। ਆਤਮ-ਰਸ ਵਿਚ ਵਿਸਮਾਦ-ਰਸ



www.AKJ.Org

ਅੰਤਰ-ਆਤਮੇ ਜਾਣਿਆ ਜਾ ਸਕਦਾ ਹੈ। ਉਸ ਤੋਂ ਉਰੇ ਮਾਨਸਕ ਰਸ ਹਨ, ਜੋ ਮਨ ਦੁਆਰਾ ਹੀ ਮਾਣੇ ਜਾ ਸਕਦੇ ਹਨ। ਪਰ ਇਹ ਸਭ ਆਨ ਰਸ (ਕੰਨ-ਰਸ) ਹੋਛੇ ਰਸ ਹਨ, ਇਨ੍ਹਾਂ ਵਿਚ ਵਿਸਮਾਦ ਦੀ ਝਲਕ ਨਹੀਂ।''

ਗੁਰਦੇਵ ਜੀ ਫ਼ੁਰਮਾਂਦੇ ਹਨ—

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ਰਹਾਉ॥੧੦॥ [ਆਸਾ ਕਬੀਰ ਜੀ, ਪੰਨਾ ੪੭੮

ਸ਼ਬਦ-ਸੁਰਤ ਵਿਚ ਲਿਵਲੀਨ 'ਰਸ ਕੋ ਗਾਂਡੋ' ਚੂਸਣਹਾਰੇ ਕੀਰਤਨੀਏ ਹੀ ਸੰਗਤਾਂ ਨੂੰ ਰਸ-ਲੀਨ ਕਰ ਸਕਦੇ ਹਨ ਅਤੇ ਇਸ ਤਰ੍ਹਾਂ ਹੀ ਪ੍ਰਾਣੀ ਪ੍ਰੇਰੇ ਜਾ ਕੇ ਗੁਰ-ਪ੍ਰੇਮਣ ਹੁੰਦੇ ਹਨ।

ਰਸ-ਲੀਨਤਾ ਵਾਲਾ ਕੀਰਤਨ ਅਡੋਲ ਤੇ ਅਫੁਰ ਸਮਾਧੀ ਹੈ, ਜਿਸ ਵਿਚ ਵਕਤਾ ਤੇ ਸ੍ਰੋਤਾ ਸਭੇ ਹੀ ਵਿਸਮਾਦ ਰੰਗਾਂ ਵਿਚ ਲੀਨ ਹੁੰਦੇ ਹਨ। ਕੀਰਤਨ ਭਗਤੀ ਹੈ ਅਤੇ ਗੁਰ-ਚਰਨਾਂ ਨਾਲ ਜੁੜਨ ਦਾ ਸਭ ਤੋਂ ਉਤਮ ਵਸੀਲਾ ਹੈ। ਨਿਰੋਲ ਗੁਰਬਾਣੀ ਦਾ ਅਖੰਡ ਤੇ ਅਡੋਲ ਕੀਰਤਨ ਹੀ ਸੁਰਤੀਆਂ ਬਿਰਤੀਆਂ ਨੂੰ ਗੁਰ-ਚਰਨਾਂ ਨਾਲ ਜੋੜਨ ਦੇ ਸਮਰੱਥ ਹੈ। ਸੋ, ਕੀਰਤਨ ਕਰਨਹਾਰੇ ਗੁਰਮੁਖ ਜਨ ਦੇ ਅਡੋਲ ਬ੍ਰਿਤੀਸ਼ਰੀ ਸ਼ਬਦ-ਸੁਰਤ-ਲੀਨਤਾ ਸਹਿਤ ਕੀਰਤਨ ਕਰਨ ਨਾਲ ਸ੍ਰੋਤਿਆਂ ਤੇ ਅਜਗੈਬੀ ਰੰਗ ਵਰਤਦਾ ਹੈ। ਐਵੇਂ ਸਹਸ-ਸਿਆਣਪੀ ਤਾਨਾਰੀਗੀਆਂ, ਰੰਗ-ਬਰੰਗੀ ਹੇਕਾਂ ਲਾਉਣੀਆਂ ਅਤੇ ਅੱਧ-ਪੰਗਤੀਆਂ ਦੇ ਪ੍ਰਮਾਣ ਦੇਣ, ਨਾਮ-ਰਸ ਤੋਂ ਦੁਰੇਡੇ ਲਿਜਾਣਾ ਹੈ। ਨਿਰੋਲ ਗਰਬਾਣੀ ਦਾ ਕੀਰਤਨ ਹੀ ਨਾਮ-ਰਸ ਉਪਜਾਇਕ ਹੈ। ਹੋਰ ਪ੍ਰਮਾਣੀਕ ਬਾਣੀਆਂ ਗੁਰਬਾਣੀ ਤੁਲ ਨਹੀਂ ਹੋ ਸਕਦੀਆਂ, ਉਨ੍ਹਾਂ ਨੂੰ ਪ੍ਰਮਾਣ ਰੂਪ ਵਿਚ ਲੈਣਾ ਯੋਗ ਹੈ। ਗੁਰ-ਹੁਕਮ ਹੈ—

ਗੁਰ ਬਾਣੀ ਗਾਵਹੁ ਭਾਈ॥ ਓਹ ਸਫਲ ਸਦਾ ਸੁਖਦਾਈ ॥੨॥੧੭॥੮੧॥ (ਪੰਨਾ ੬੨੯)
ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆ ਸਿਰਿ ਬਾਣੀ॥੨੩॥ [ਅਨੰਦੁ ਸਾਹਿਬ, ਪੰਨਾ ੯੨੦

( ੨ )

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਦੇ ਹਨ—

''ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ-ਤਾਬਿਆ ਵਿਚ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਹੀ, ਗੁਰੂ ਦਸਮੇਸ਼-ਦ੍ਰਿੜ੍ਹਾਈ ਮਰਯਾਦਾ ਅਨੁਸਾਰ ਹੀ ਅਧਿਕਾਰੀ ਜਨਾਂ ਨੂੰ ਗੁਰਮੰਤ੍ਰ ਰੂਪੀ ਦੀਖਿਆ ਦਿਤੀ ਜਾ ਸਕਦੀ ਹੈ। ਨਾਮ-ਅੰਮ੍ਰਿਤ-ਪਦਾਰਥ ਛਾਂਦਿਆਂ ਦੇ ਵੰਡ ਛਕਣ ਵਾਲੇ ਗੁਰਮੁਖ ਨਾਮ-ਰਸੀਏ, ਪਰਉਪਕਾਰੀ ਗੁਰਮੁਖ ਸਿੱਖ, ਨਾਮ ਦੀ ਮਹੱਤਤਾ ਦ੍ਰਿੜ੍ਹਾ ਦ੍ਰਿੜ੍ਹਾ ਤੇ ਅੰਮ੍ਰਿਤ-ਬੂੰਦ ਦੇ ਚਾਤ੍ਰਿਕ ਬਣਾ ਬਣਾ, ਅਮੀ-ਰਸ ਦੇ ਪਿਆਸੇ ਜਗਿਆਸੂ ਜਨਾਂ ਨੂੰ ਪ੍ਰੇਰ ਪ੍ਰੇਰ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਿਆ ਹਾਜ਼ਰ ਕਰਦੇ ਹਨ, ਅਤੇ ਗੁਰ ਦੁਆਰਿਓਂ ਨਾਮ-ਦਾਨ ਦਿਵਾਉਂਦੇ ਹਨ। ਇਸ ਬਿਧਿ ਉਹ ਆਪ ਜਪਦੇ ਤ ਅਵਰਾਂ ਨੂੰ ਨਾਮ ਜਪਾਉਂਦੇ ਹਨ।

''ਨਾਮ ਜਪਾਉਣ ਦੇ ਅਰਥ ਨਾਮ ਮੰਤ੍ਰਾਉਣ ਦੇ ਕਦੇ ਨਹੀਂ ਹੋ ਸਕਦੇ। ਨਾਮ ਪ੍ਰਾਪਤ ਕਰ ਚੁਕੀਆਂ, ਨਾਮ-ਨਵਰੰਗ ਸੁਹਾਗਵੰਤੀਆਂ ਸਖੀ-ਸਹੇਲੀਆਂ, ਗੁਰਮੁਖ ਬੁਢ-ਸੁਹਾਗਣੀਆਂ ਦੀ ਸੰਗਤ ਵਿਚ ਰਹਿ ਕੇ ਹੀ ਨਾਮ ਜਪਣ ਰੂਪੀ ਕਮਾਈਆਂ ਨੂੰ ਅਧਿਕ ਅਰੂੜ੍ਹ ਕਰ ਸਕੀਦਾ ਹੈ। ਨਵਲ-ਨਵੇਲੀਆਂ ਸਖੀ-ਸਹੇਲੀਆਂ ਨੂੰ ਸਤਸੰਗਤਿ ਵਿਖੇ ਰਗਾਏ-ਗਿਝਾਏ ਕੈ, ਜੋ ਜੋ ਗੁਰਮੁਖ ਜਨ ਨਾਮ ਕਮਾਈਆਂ ਕਰਾਉਂਦੇ ਹਨ, ਉਹ ਆਪ ਜਪਦੇ ਤੇ ਅਵਰਹ ਨਾਮ ਜਪਾਉਂਦੇ ਹਨ।''

['ਗੁਰਮਤਿ ਨਾਮ ਅਭਿਆਸ ਕਮਾਈ', ਪੰਨਾ ੬੨-੬੩

ਸੋ, ਕੀਰਤਨ ਵਿਚ ਨਾਮ ਦਾ ਜਾਪ ਖੁਲ੍ਹੀ ਸੰਗਤ ਵਿਚ ਕਰਨ ਤੋਂ ਸੰਕੋਚ ਕਰਨਾ ਲਾਜ਼ਮੀ ਹੈ। ਗੁਰਮੰਤ੍ਰ ਦਾ ਜਾਪ ਸਹਜ ਅਵਸਥਾ ਵਿਚ ਅੰਤਰ ਆਤਮੇ ਹਿਰਦੇ ਵਿਚ ਸੰਭਾਲਣਾ ਹੈ। ਸ਼ਬਦ-ਤਰੰਗੀ ਲੋਰ ਦਾ ਵੇਗ ਜੇ ਕਿਤੇ ਪ੍ਰਬਲ ਹੋ ਕੇ ਆਪ-ਮੁਹਾਰਾ ਸਫੁਟ ਨਿਕਲੇ ਤਾਂ ਧੰਨ ਭਾਗ!



www.AKJ.Org

ਪਰ ਐਵੇਂ ਤੁਕ ਤੁਕ ਨਾਲ ਸਹਸ-ਸਿਆਣਪਾਂ ਵਿਚ ਗੁਰ-ਮੰਤ੍ਰ ਦਾ ਉਚਾਰਣ ਓਪਰਾ ਓਪਰਾ ਹੀ ਪ੍ਰਤੀਤ ਹੁੰਦਾ ਹੈ। ਪੰਚਮ (ਪੰਜਾਂ ਪਿਆਰਿਆਂ) ਨੇ ਕਈ ਵੇਰ ਪਾਸ ਕੀਤਾ ਹੈ ਕਿ ਗੁਰਮੰਤ ਦਾ ਜਾਪ ਕੀਰਤਨ ਵਿਚ ਸੰਕੋਚ ਨਾਲ ਕੀਤਾ ਜਾਏ।

ਸੰਗਤ ਵਿਚ ਕੀਰਤਨ ਸਮੇਂ ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਜੋਦੜੀਆਂ ਵਿਚ ਜੁੜਨਾ ਹੈ, ਕਿਉਂਕਿ ਸ ਹਿਬ ਦਾ ਫੁਰਮਾਨ ਹੈ—

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ੍ ਪਾਇਆ ॥੮॥੨॥ (ਪੰਨਾ ੫੬੫)
ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ, ਤਾ ਫਲੁ ਪਾਵੈ ਕੋਇ ॥੧॥੬॥ [ਗੂਜਰੀ ਮ: ੩, ਪੰਨਾ ੪੯੧
ਹਰਿ ਜਨੁ ਸਿਮਰਹੁ ਹਿਰਦੈ ਰਾਮ ॥... ...
ਚਰਨ ਕਮਲ ਹਿਰਦੈ ਗਹੁ ਨਾਨਕ, ਸੁਖ ਸਮੂਹ ਬਿਸਰਾਮ ॥੨॥੬॥੧੩॥ (ਪੰਨਾ ੭੦੨)

ਸੰਗਤ ਵਿਚ ਜ਼ਬਤ ਸਹਿਤ ਬਾ-ਅਦਬ ਰਹਿਣਾ ਜ਼ਰੂਰੀ ਹੈ। ਆਪੇ ਤੋਂ ਬਾਹਰ ਹੋ ਕੇ ਨਚਣ-ਟਪਣ ਵਾਲਿਆਂ ਵਾਂਗ ਮਸਤੀਆਂ ਜ਼ਾਹਰ ਕਰਨ ਨਾਲ ਫੋਕੀ ਤਮਾਸ਼ਬੀਨੀ ਦਾ ਪ੍ਰਭਾਵ ਹੀ ਪੈਂਦਾ ਹੈ। ਪਾਰਸ ਰੂਪ ਗੁਰ-ਸ਼ਬਦ (ਨਾਮ) ਦੀ ਕਸੌਟੀ ਦੁਆਰਾ ਆਪਣੇ ਮਨ ਨੂੰ ਮਾਰ ਕੇ ਸਹਜ ਰੰਗ ਵਿਚ ਲੀਨ ਹਣ ਦੀ ਲੋੜ ਹੈ—

ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥......
ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ। ੨॥੧॥੭॥(ਪੰਨਾ ੬੬੮)
ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥੩॥ (ਪੰਨਾ ੧੧੩੪)

ਨਾਮ ਗੁਰਮੰਤ੍ਰ ਦੀਆਂ ਗੂੰਜਾਂ ਗੂੰਜਾਉਣਾ ਨਾਮ ਪ੍ਰਾਪਤ ਕਰ ਚੁਕੀਆਂ ਸਖੀ-ਸਹੇਲੀਆਂ ਦੇ ਮੰਡਲ ਵਿਚ ਹੀ ਸ਼ੋਭਦਾ ਹੈ। ਜਿਨ੍ਹਾਂ ਨੂੰ ਗੁਰਮਤ੍ਰ ਦੀ ਸਾਰ ਸੋਝੀ ਹੀ ਨਹੀਂ ਅਤੇ ਜਿਹੜੇ ਅਜੇ ਗੁਰੂ ਵਾਲੇ ਬਣੇ ਹੀ ਨਹੀਂ, ਉਨ੍ਹਾਂ ਦੇ ਸੰਗ ਸਾਥ ਗੁਰਮੰਤ੍ਰ ਨੂੰ ਗੁਪਤ ਰੂਪ ਵਿਚ ਹੀ ਜਪਣਾ ਯੋਗ ਹੈ। ਸੰਗਤੀ ਜਾਪ ਉਥੇ ਹੀ ਹੋ ਸਕਦਾ ਹੈ ਜਿਥੇ ਨਿਰੋਲ ਅੰਮ੍ਰਿਤਧਾਰੀ ਸਿੰਘਾਂ ਦੀ ਸੰਗਤ ਹੋਵੇ। ਗੁਰਮੰਤ੍ਰ ਹੀਣਸ੍ਰ, ' ਪ੍ਰਾਣੀਆਂ ਦੀ ਸੰਗਤ ਵਿਚ ਗੁਰਮੰਤ੍ਰ ਜਪਣਾ ਜਪਾਉਣਾ ਗੁਰ-ਹੁਕਮਾਂ ਦੀ ਉਲੰਘਣਾ ਹੈ। ਨਾਮ ਵਿਹੂਣੜੀਆਂ ਅੰਧ ਅੰਧਾਰੀ ਸੁੰਞੀਆਂ ਦੇਹੁਰੀਆਂ ਨੂੰ ਨਾਮ ਦੀ ਸਾਰ ਕੀ ਹੋ ਸਕਦੀ ਹੈ? ਉਨ੍ਹਾਂ ਨੂੰ ਤਾਂ ਗੁਰਬਾਣੀ ਦੇ ਅਮੋਘ ਬਾਣਾਂ ਦੁਆਰਾ ਹੀ ਪ੍ਰੇਰਨਾ ਉਚਿਤ ਹੈ।

( ੩ )

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਗੁਰਮੁਖ ਸਖੀ-ਸਹੇਲੀਆਂ ਦੇ ਕੀਰਤਨ-ਸਮਾਗਮਾਂ ਵਿਚ ਤੁਕ ਤੁਕ ਨਾਲ ਗੁਰਮੰਤ੍ਰ ਦਾ ਉਚਾਰਣ ਸੁਣਨ ਵਿਚ ਨਹੀਂ ਸੀ ਆਇਆ। ਹਾਂ, ਕਦੇ ਕਦਾਈਂ ਅਜਹਾ ਹੋ ਜਾਂਦਾ ਕਿ ਕੋਈ ਨਾਮ-ਰਸ-ਬੀਧਾ ਜੀਉੜਾ ਜਦ ਕਿਤੇ ਵਾਜੇ ਤੇ ਗੁਰਬਾਣੀ ਨਾਲ ਇਕ-ਸੁਰ ਹੋ ਜਾਂਦਾ ਤਾਂ ਉਸ ਦੇ ਅੰਤਰ-ਆਤਮੇ ਚਲ ਰਹੀ ਨਾਮ ਦੀ ਰੌ ਪ੍ਰਗਟ ਪਹਾਰੇ ਹੋ ਆਉਂਦੀ ਅਤੇ ਬੇਵਸੇ ਤੇ ਆਪ-ਮੁਹਾਰੇ ਹੀ ਗੁਰ-ਸ਼ਬਦ ਦੀ ਧੁਨੀ ਗੂੰਜ ਉਠਦੀ। ਉਹ ਆਪ ਵੀ ਰੰਗ-ਰਤੜਾ ਬੇਸੁਧ ਹੋਇਆ ਹੁੰਦਾ ਅਤੇ ਸੰਗਤ ਵਿਚ ਵੀ ਗੁਰ-ਸ਼ਬਦ ਦੀ ਧੁਨੀ ਨਾਲ ਮਸਤੀ ਦਾ ਇਕ ਅਜੀਬ ਆਲਮ ਛਾ ਜਾਂਦਾ। ਗੁਰਬਾਣੀ-ਕੀਰਤਨ ਫਿਰ ਜਾਰੀ ਹੋ ਜਾਂਦਾ, ਪਰ ਉਸ ਥੋੜੇ ਚਿਰ ਲਈ ਵੀ ਪ੍ਰਗਟ ਪਹਾਰ ਨਾਮ ਦੀ ਪਾਰਸ-ਕਲਾ ਦਾ ਅਲੌਕਿਕ ਪ੍ਰਭਾਵ ਸਮਾਗਮ ਦੀ ਸਮਾਪਤੀ ਤਕ ਜਾਰੀ ਰਹਿੰਦਾ। ਨਾਮ-ਰਸ-ਬੀਧਾ ਕੀਰਤਨੀਆ ਵੀਰ ਤਾਂ ਸਮਾਪਤੀ ਤੋਂ ਬਾਅਦ ਵੀ ਘੰਟਿਆਂ ਬੱਧੀ ਅੰਤਰ-ਆਤਮੇ ਨਾਮ ਦੇ ਗਟਾਕ ਰਸ ਪੀਂਦਾ, ਉਸੇ ਮਸਤੀ ਦੇ ਆਲਮ ਵਿਚ ਗੜੂੰਦ ਰਹਿੰਦਾ ਅਤੇ ਸਿਖ ਸੰਗਤਾਂ ਦੀ ਸੁਰਤੀ ਬਿਰਤੀ ਵਿਚ ਵੀ ਉਹ ਅਲਾਹੀ ਨਾਦ ਕਿੰਨਾ ਚਿਰ ਗੂੰਜਦਾ ਰਹਿੰਦਾ।

ਅੱਜ ਇਹ ਆਲਮ ਕਿਤੇ ਨਜ਼ਰੀ ਆਉਂਦਾ ਹੈ !!


www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੭)

ਨੋਟ—ਪਿਛਲੇ ਕਬਿਤ ਤਕ ਚਲ ਰਹੇ ਪ੍ਰਕਰਣ ਤੋਂ ਅਗੇ "ਸਤਿਗੁਰੂ ਤੇ ਗੁਰਮੁਖਿ ਦੇ ਲੱਛਣ, ਗੁਰਮੁਖਿ ਕਿਵੇਂ ਹੋਈਦਾ ਹੈ ਅਤੇ ਕਿਵੇਂ ਗੁਰੂ ਨੂੰ ਮਿਲਿਆ ਜਾਏ" ਨਵੇਂ ਪ੍ਰਕਰਣ ਦਾ ਅਰੰਭ ਹੁੰਦਾ ਹੈ। ਇਸੇ ਕਰਕੇ ਪਿਛਲੇ ਅੰਕ ੨੬॥੩੪॥ ਤੋਂ ਪਿਛੋਂ ਹੁਣ ਨਵਾਂ ਅੰਕ ੧॥੩੫॥ ਅਰੰਭ ਹੁੰਦਾ ਹੈ।

ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸ,
ਮਾਨਸ ਅਉਤਾਰ ਧਾਰਿ ਦਰਸੁ ਦਿਖਾਏ ਹੈਂ ॥
ਜਾ ਕੇ ਓਅੰਕਾਰ ਕੇ ਅਕਾਰ ਹੈਂ ਨਾਨਾ ਪ੍ਰਕਾਰ,
ਸ੍ਰੀ ਮੁਖਿ ਸਬਦੁ ਗੁਰੁ ਸਿਖਨ ਸੁਨਾਏ ਹੈਂ ॥
ਜਗਜ ਭੋਗ ਨਈਵੇਦ ਜਗਤ ਭਗਤ ਜਾਂਹਿ,
ਅਸਨ ਬਸਨ ਗੁਰ ਸਿਖਨ ਲਡਾਏ ਹੈਂ ॥
ਨਿਗਮ ਸੇਖਾਦਿਕ ਕਥਿਤ ਨੇਤਿ ਨੇਤਿ ਕਰਿ,
ਪੂਰਨ ਬ੍ਰਹਮ ਗੁਰੁ ਸਿਖਨ ਲਖਾਏ ਹੈਂ ॥੧॥੩੫॥

**ਪਦ ਅਰਥ** : ਕੋਟਿ—ਕਰੋੜਾਂ। ਜਾਸ- ਜਿਸ ਵਾਹਿਗੁਰੂ ਦੇ। ਓਅੰਕਾਰ—ਰਖਿਆ ਕਰਨ ਵਾਲਾ। ਅਕਾਰ—ਸਰੂਪ। ਨਾਨਾ ਪ੍ਰਕਾਰ -ਬੇਅੰਤ ਭਾਂਤ ਦੇ, ਅਨੇਕ ਤਰ੍ਹਾਂ ਦੇ। ਸ੍ਰੀ ਮੁਖਿ—ਸੁੰਦਰ ਮੁਖ ਤੋਂ। ਨਈਵੇਦ—ਭੋਜਨ ਪਦਾਰਥ ਆਦਿ ਉਹ ਸਾਮਗ੍ਰੀ ਜੋ ਦੇਵਤਾ ਆਦਿ ਨੂੰ ਚੜ੍ਹਾਈ ਜਾਵੇ। ਜਾਂਹਿ—ਜਿਸ ਵਾਹਿਗੁਰੂ ਨੂੰ। ਅਸਨ—ਭੋਜਨ। ਬਸਨ—ਬਸਤਰ। ਨਿਗਮ—ਵੇਦ। ਸੇਖਾਦਿਕ-ਸ਼ੇਖਨਾਗ ਆਦਿਕ। ਕਥਿਤ—ਕਹਿੰਦੇ ਹਨ, ਪੁਕਾਰਦੇ ਹਨ। ਨੇਤਿ ਨੇਤਿ—ਨਹੀਂ ਹੈ ਇਹੋ ਜਿਹਾ, ਨਹੀਂ ਹੈ ਇਹੋ ਜਿਹਾ, ਭਾਵ ਬੇਅੰਤ। ਲਖਾਏ ਹੈ—ਵਿਖਾਂਦਾ ਹੈ।

**ਅਰਥ** : ਜਿਸ ਪ੍ਰਭੂ ਦੇ ਇਕ ਇਕ ਰੋਮ ਵਿਚ ਕਰੋੜਾਂ ਬ੍ਰਹਿਮੰਡਾਂ ਦਾ ਵਾਸਾ ਹੈ, ਉਸ ਨੇ ਸਤਿਗੁਰੂ ਰੂਪ ਵਿਚ ਮਨੁਖਾ ਅਵਤਾਰ ਧਾਰ ਕੇ ਦਰਸ਼ਨ ਦਿਤਾ ਹੈ।

ਜਿਸ ਸਰਬ-ਰਖਿਅਕ ਵਾਹਿਗੁਰੂ ਦੇ ਅਨੇਕ ਤਰ੍ਹਾਂ ਦੇ ਅਕਾਰ ਹਨ, ਉਸ ਨੇ ਗੁਰੂ ਰੂਪ ਹੋ ਕੇ, ਸਿੱਖਾਂ ਨੂੰ ਆਪਣੇ ਸੁੰਦਰ ਮੁਖ ਤੋਂ ਉਪਦੇਸ਼ ਸੁਣਾਇਆ ਹੈ।

ਜਿਸ ਵਾਹਿਗੁਰੂ ਲਈ ਦੁਨੀਆ ਦੇ ਭਗਤ ਜਗ ਕਰਦੇ, ਭੋਗ ਲੁਆਂਦੇ ਅਤੇ ਨਈਵੇਦ ਆਦਿ ਕਰਮ ਕਰਦੇ ਹਨ, ਉਹ ਗੁਰੂ ਸਰੂਪ ਹੋ ਕੇ ਸਭ ਸਿੱਖਾਂ ਨੂੰ ਅੰਨ ਬਸਤਰ ਦੇ ਕੇ ਲਾਡ ਲਡਾ ਰਿਹਾ ਹੈ।

ਜਿਸ ਅਕਾਲ ਪੁਰਖ ਨੂੰ ਵੇਦ ਅਤੇ (ਹਜ਼ਾਰ ਜੀਭਾਂ ਨਾਲ ਪ੍ਰਭੂ ਦੇ ਗੁਣ ਗਾਉਣ ਵਾਲਾ) ਸ਼ੇਸ਼ਨਾਗ ਆਦਿ ਵੀ ਬੇਅੰਤ ਬੇਅੰਤ ਆਖ ਕੇ ਪੁਕਾਰਦੇ ਹਨ, ਉਸ ਪੂਰਨ ਬ੍ਰਹਮ ਨੇ ਹੀ ਗੁਰੂ ਸਰੂਪ ਹੋ ਕੇ ਸਿੱਖਾਂ ਨੂੰ (ਆਪਣਾ ਆਪ) ਵਿਖਾਇਆ ਹੈ।੧।੩੫।

ਨਿਰਗੁਨ ਸਗੁਨ ਕੈ ਅਲਖ ਅਬਿਗਤਿ ਰੂਪ,
ਪੂਰਨ ਬ੍ਰਹਮ ਗੁਰੂ ਰੂਪ ਪ੍ਰਗਟਾਏ ਹੈਂ ॥
ਸਰਗੁਨ ਸ੍ਰੀ ਗੁਰ ਦਰਸ ਕੈ ਧਿਆਨ ਰੂਪ,
ਅਕਲ ਅਕਾਲ ਗੁਰੂ ਸਿਖਨ ਦਿਖਾਏ ਹੈਂ ॥
ਨਿਰਗੁਨ ਸ੍ਰੀ ਗੁਰ ਸਬਦ ਅਨਹਦ ਧੁਨਿ,
ਸਬਦ ਬੇਦੀ ਗੁਰੁ ਸਿਖਨ ਸੁਨਾਏ ਹੈਂ ॥
ਚਰਨ ਕਮਲ ਮਕਰੰਦ ਨਿਹਕਾਮ ਧਾਮੁ,
ਗੁਰਸਿਖ ਮਧੁਕਰ ਗਤਿ ਲਪਟਾਏ ਹੈਂ ॥੨॥੩੬॥



www.AKJ.Org

**ਪਦ ਅਰਥ** : ਨਿਰਗੁਣ—ਨਿਰ-ਅਕਾਰ ਵਾਹਿਗੁਰੂ। ਸਗੁਨ—ਅਕਾਰ-ਧਾਰੀ ਵਾਹਿਗੁਰੂ। ਅਲਖ—ਜੋ ਸਮਝ ਤੋਂ ਪਰੇ ਹੈ। ਅਬਿਗਤਿ—ਨਾਸ-ਰਹਿਤ, ਅਬਿਨਾਸ਼ੀ। ਕੈ ਧਿਆਨ—ਧਿਆਨ ਕਰਕੇ। ਅਕਲ—ਅਖੰਡ, ਕਲਾ ਰਹਿਤ, ਭਾਵ ਨਿਰਗੁਣ। ਅਕਾਲ—ਮੌਤ ਰਹਿਤ; ਅਬਿਨਾਸ਼ੀ। ਸ੍ਰੀ ਗੁਰੂ—ਸ਼ੋਭਾ ਵਾਲਾ ਸਤਿਗੁਰੂ। ਸਬਦ ਅਨਹਦ ਧੁਨਿ—ਅੰਤਰ-ਆਤਮੇ ਅਲੌਕਿਕ ਇਕ-ਰਸ ਸ਼ਬਦ ਦੀ ਧੁਨੀ। ਬੇਦੀ ਗੁਰੁ—ਬੇਦੀ ਸਤਿਗੁਰੂ ਨਾਨਕ। ਮਕਰੰਦ—ਫੂਲ ਦੀ ਬਰੀਕ ਅੰਦਰਲੀ ਤਰੀ ਉਪਰਦੀ ਮਿੱਠੀ ਰਜ, ਧੂੜੀ। ਨਿਹਕਾਮ ਧਾਮੁ—ਨਿਸ਼ਕਾਮਤਾ ਦਾ ਘਰ। ਮਧੁਕਰ—ਭੌਰਾ। ਗਤਿ—ਵਾਂਗ।

**ਅਰਥ** : ਜਿਸ ਪੂਰਨ ਬ੍ਰਹਮ ਦਾ ਰੂਪ ਸਮਝ ਤੋਂ ਪਰੇ ਹੈ, ਅਤੇ ਜੋ ਨਾਸ਼ ਨਹੀਂ ਹੁੰਦਾ, ਉਹ ਵਾਹਿਗੁਰੂ ਨਿਰ-ਅਕਾਰ ਹੁੰਦਾ ਹੋਇਆ, ਗੁਰੂ ਰੂਪ ਸਰਗੁਣ ਸਰੂਪ ਵਿਚ (ਅਕਾਰ-ਧਾਰੀ ਹੋ ਕੇ) ਪ੍ਰਗਟ ਹੋਇਆ ਹੈ।

(ਵਾਹਿਗੁਰੂ ਦੇ) ਸਰਗੁਣ ਸਰੂਪ ਵਿਚ ਸੋਭਾ ਦੇ ਰਹੇ ਸਤਿਗੁਰੂ ਜੀ ਦੇ ਦਰਸ਼ਨ ਦਾ ਧਿਆਨ ਕਰਨ ਨਾਲ, ਸਤਿਗੁਰੂ, ਨਿਰਗੁਣ ਅਤੇ ਅਬਿਨਾਸ਼ੀ ਵਾਹਿਗੁਰੂ ਦਾ ਸਰੂਪ ਗੁਰਸਿਖਾਂ ਨੂੰ ਅਨੁਭਵ ਕਰਾ ਦਿੰਦਾ ਹੈ।

ਅੰਤਰ-ਆਤਮੇ ਅਲੌਕਿਕ ਇਕ-ਰਸ ਹੋ ਰਹੀ ਧੁਨੀ ਵਾਲਾ ਸ਼ਬਦ, ਜੋ ਬੇਦੀ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਗੁਰਸਿੱਖਾਂ ਨੂੰ ਸੁਣਾਂਦੇ ਹਨ, ਸੁਭਾਇਮਾਨ ਸਤਿਗੁਰੂ ਦਾ ਇਹ ਸ਼ਬਦ ਨਿਰਗੁਣ ਵਾਹਿਗੁਰੂ ਦਾ ਸਰੂਪ ਹੈ।

ਐਸੇ ਸਤਿਗੁਰੂ ਦੇ ਕਮਲ ਵਰਗੇ ਚਰਨਾਂ ਦੀ ਸੁਗੰਧਤ ਧੂੜੀ ਨਿਸ਼ਕਾਮਤਾ ਦਾ ਘਰ ਹੈ, ਜਿਸ ਨਾਲ ਗੁਰਸਿਖ-ਭੌਰੇ ਲਪਟੇ ਰਹਿੰਦੇ ਹਨ, ਭਾਵ; ਸਤਿਗੁਰੂ ਦੇ ਚਰਨਾਂ ਨਾਲ ਲਿਵ ਜੋੜੀ ਰਖਦੇ ਹਨ।੨ ੩੬।

ਪੂਰਨ ਬ੍ਰਹਮੁ ਗੁਰੁ ਬੇਲ ਹੁਇ ਚੰਬੇਲੀ ਗਤਿ,
ਮੂਲ ਸਾਖਾ ਪਤ੍ਰ ਕਰਿ ਬਿਬਿਧ ਬਿਥਾਰੁ ਹੈ॥
ਗੁਰੁ ਸਿਖ ਪੁਹਪ ਸੁਬਾਸ ਨਿਜ ਰੂਪੁ ਤਾਂ ਮੈ,
ਪ੍ਰਗਟ ਹ੍ਵੈ ਕਰਤ ਸੰਸਾਰ ਕੋ ਉਧਾਰੁ ਹੈ॥
ਤਿਲ ਮਿਲਿ ਬਾਸਨਾ ਸੁਬਾਸ ਕੋ ਨਿਵਾਸ ਕਰਿ,
ਆਪਾ ਖੋਇ ਹੋਇ ਹੈ ਫੁਲੇਲ ਮਹਿਕਾਰ ਹੈ॥
ਗੁਰਮੁਖਿ ਮਾਰਗ ਮੈ ਪਤਿਤ ਪੁਨੀਤ ਰੀਤਿ,
ਸੰਸਾਰੀ ਹੁਇ ਨਿਰੰਕਾਰੀ ਪਰਉਪਕਾਰ ਹੈ॥੩॥੩੭॥

**ਪਦ ਅਰਥ** : ਗਤਿ—ਵਾਂਗ। ਮੂਲ—ਜੜ੍ਹ। ਸਾਖਾ—ਟਾਹਣੀਆਂ। ਬਿਬਿਧ ਬਿਥਾਰ—ਕਈ ਤਰ੍ਹਾਂ ਦੇ ਵਿਸਥਾਰ। ਪੁਹਪ ਸੁਬਾਸੁ—ਸੁਗੰਧਤ ਫੁੱਲ। ਤਾਂ ਮੈ—ਉਨ੍ਹਾਂ ਵਿਚ। ਉਧਾਰੁ—ਪਾਰ-ਉਤਾਰਾ। ਬਾਸਨਾ—ਸੁਗੰਧੀ। ਸੁਬਾਸ ਕੋ ਨਿਵਾਸ ਕਰਿ—ਸੁਗੰਧੀ ਨਾਲ ਮਹਿਕ ਉਠਦਾ ਹੈ। ਫੁਲੇਲ—ਫੁਲਾਂ ਦਾ ਤੇਲ। ਮਾਰਗ—ਰਾਹ, ਪੰਧ। ਗੁਰਮੁਖਿ ਮਾਰਗ ਮੈ—ਗੁਰਸਿਖੀ ਦੇ ਮਾਰਗ ਵਿਚ। ਪਤਿਤ ਪੁਨੀਤ ਰੀਤਿ—ਪਾਪੀਆਂ ਨੂੰ ਪਵਿਤਰ ਕਰਨ ਦੀ ਰੀਤੀ; ਮਰਯਾਦਾ। ਸੰਸਾਰੀ ਮਾਇਕ ਬ੍ਰਿਤੀਆਂ ਵਾਲੇ ਸੰਸਾਰੀ ਜੀਵ। ਨਿਰੰਕਾਰੀ—ਵਾਹਿਗੁਰੂ ਨੂੰ ਪਿਆਰ ਕਰਨ ਵਾਲੇ ਪ੍ਰਾਣੀ। ਪਰਉਪਕਾਰ—ਦੂਜਿਆਂ ਦੇ ਭਲੇ ਦਾ ਕੰਮ, ਦੂਜੇ ਲਈ ਉਪਕਾਰ ਦੀ ਕਿਰਿਆ।

**ਅਰਥ** : ਸਰਬ-ਸ਼ਕਤੀਮਾਨ ਪੂਰਨ ਬ੍ਰਹਮ ਦਾ ਸਰੂਪ ਸਤਿਗੁਰੂ, ਚੰਬੇਲੀ ਦੀ ਵੇਲ ਵਾਂਗ (ਸੁਗੰਧੀ ਫੈਲਾਉਣ ਵਾਲਾ ਬੂਟਾ) ਹੈ, ਜਿਸ ਵਿਚ ਮੂਲ-ਜੜ੍ਹ ਰੂਪ ਵਿਚ ਉਹ ਆਪ ਹੈ ਅਤੇ ਸਿਖ ਸੰਤ ਭਗਤ ਆਦਿ ਟਾਹਣੀਆਂ ਅਤੇ ਪਤਿਆਂ ਦੇ ਰੂਪ ਵਿਚ ਉਸ ਬੂਟੇ ਦਾ ਕਈ ਤਰ੍ਹਾਂ ਦਾ ਵਿਸਥਾਰ ਹੈ।

(ਭਾਈ ਲਹਿਣਾ ਜੀ, ਬਾਬਾ ਅਮਰਦਾਸ ਜੀ ਆਦਿ ਜਿਨ੍ਹਾਂ ਗੁਰਸਿਖਾਂ-ਭਗਤਾਂ ਦੀ ਅਤੁੱਟ ਸੇਵਾ-ਘਾਲ ਕਮਾਈ ਤੇ ਤਰੁੱਠ ਕੇ) ਸਤਿਗੁਰੂ ਉਨ੍ਹਾਂ ਸਿਖਾਂ-ਸੰਤਾਂ ਨੂੰ ਆਪਣਾ ਰੂਪ ਬਖਸ਼ ਕੇ ਸੁਗੰਧੀ ਫੈਲਾਉਣ ਵਾਲੇ ਫੁਲ ਬਣਾ ਦਿੰਦਾ ਹੈ, ਉਨ੍ਹਾਂ ਵਿਚ ਉਹ ਆਪ ਪ੍ਰਗਟ ਹੋ ਕੇ ਸੰਸਾਰ ਦਾ ਪਾਰ-ਉਤਾਰਾ ਕਰ ਰਿਹਾ ਹੈ।

ਜਿਵੇਂ ਤਿਲ (ਆਪਣਾ ਆਪ ਗੁਆ ਕੇ) ਫੁੱਲਾਂ ਦੀ ਸੁਗੰਧੀ ਨਾਲ ਮਿਲ ਕੇ (ਫੁਲੇਲ ਰੂਪ ਹੋ) ਸੁਗੰਧੀ


www.AKJ.Org

ਨਾਲ ਮਹਿਕ ਉਠਦਾ ਹੈ, ਇਵੇਂ ਹੀ ਗੁਰਸਿਖ ਸੰਤ ਆਪਾ ਭਾਵ ਮਿਟਾ ਕੇ ਸਤਿਗੁਰੂ ਨਾਲ ਮਿਲ ਕੇ (ਫੁਲੇਲ ਵਾਂਗ) ਮਹਿਕ ਉਠਦਾ ਹੈ।

ਗੁਰਸਿੱਖੀ ਵਿਚ ਪਾਪੀਆਂ ਨੂੰ ਪਵਿੱਤਰ ਕਰਨ ਦੀ ਮਰਯਾਦਾ ਹੈ ਅਤੇ (ਇਸ ਮਾਰਗ ਵਿਚ ਇਹੋ ਹੀ) ਦੂਜਿਆਂ ਦੇ ਭਲੇ ਦੀ ਕਿਰਿਆ ਹੈ ਕਿ ਮਾਇਕ ਬ੍ਰਿਤੀ ਵਾਲੇ ਸੰਸਾਰੀ ਜੀਵਾਂ ਨੂੰ ਨਿਰੰਕਾਰ ਵਾਲੇ ਬਣਾ ਲਿਆ ਜਾਂਦਾ ਹੈ। ਭਾਵ, ਮਾਇਆ ਤੋਂ ਨਿਰ-ਮੋਹ ਕਰ ਕੇ ਵਾਹਿਗੁਰੂ ਨਾਲ ਜੋੜ ਦਿਤਾ ਜਾਂਦਾ ਹੈ।੩।੩੭।

ਪੂਰਨ ਬ੍ਰਹਮੁ ਗੁਰੁ ਬਿਰਖੁ ਬਿਥਾਰੁ ਧਾਰਿ.
ਮੂਲੁ ਕੰਦੁ ਸਾਖਾ ਪਤ੍ਰ ਅਨਿਕ ਪ੍ਰਕਾਰ ਹੈ॥
ਤਾਂ ਮੈ ਨਿਜ ਰੂਪ ਗੁਰਸਿਖ ਫਲ ਕੋ ਪ੍ਰਗਾਸ,
ਬਾਸਨਾ ਸੁਬਾਸੁ ਅਉ ਸ੍ਵਾਦੁ ਉਪਕਾਰ ਹੈ॥
ਚਰਨ ਕਮਲ ਮਕਰੰਦ ਰਸ ਰਸਿਕੁ ਹੈ,
ਚਾਖੇ ਚਰਣਾਮ੍ਰਿਤੁ ਸੰਸਾਰ ਕੋ ਉਧਾਰਿ ਹੈ॥
ਗੁਰਮੁਖਿ ਮਾਰਗ ਮਹਾਤਮ ਅਕਥ ਕਥਾ,
ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥੪॥੩੮॥

ਪਦ ਅਰਥ : ਬਿਰਖੁ—ਬ੍ਰਿਛ, ਰੁਖ। ਬਿਥਾਰੁ—ਵਿਸਥਾਰ, ਖਿਲਾਰ। ਮੂਲ—ਜੜ੍ਹ। ਕੰਦ—ਜੜ੍ਹ ਦੇ ਉਪਰ ਉਹ ਹਿੱਸਾ ਜੋ ਧਰਤੀ ਦੇ ਅੰਦਰ ਹੀ ਹੁੰਦਾ ਹੈ। ਸਾਖਾ—ਟਾਹਣੀਆਂ। ਅਨਿਕ ਪ੍ਰਕਾਰ—ਕਈ ਤਰ੍ਹਾਂ ਦੇ। ਤਾਂ ਮੈ—ਉਨ੍ਹਾਂ ਵਿਚ। ਨਿਜੁ ਰੂਪੁ—ਆਪਣਾ ਰੂਪ, ਆਪਣੀ ਜੋਤਿ। ਪ੍ਰਗਾਸੁ—ਪ੍ਰਕਾਸ਼, ਪ੍ਰਗਟਾਅ। ਬਾਸਨਾ—ਵਾਸ਼ਨਾ। ਸੁਬਾਸੁ—ਸੁਗੰਧੀ। ਸ੍ਵਾਦੁ—ਸੁਆਦ, ਚਾਅ ਉਮਾਹ। ਮਕਰੰਦ—ਫੁੱਲਾਂ ਦਾ ਰਸ, ਸੁਗੰਧਤ ਧੂੜੀ। ਰਸਿਕ—ਰਸੀਆ। ਉਧਾਰੁ—ਨਿਸਤਾਰਾ, ਪਾਰ-ਉਤਾਰਾ। ਅਕਥ ਕਥਾ—ਨਾ ਕਥੀ ਜਾ ਸਕਣ ਵਾਲੀ ਕਥਾ, ਨਾ ਦਸਿਆ ਜਾਣ ਵਾਲਾ ਕਥਨ। ਨੇਤਿ—ਨਾ ਇਤੀ, ਨਹੀਂ ਹੈ ਇਹ, ਬੇਅੰਤ। ਨਮੋ—ਨਮਸਕਾਰ।

ਅਰਥ : ਪੂਰਨ ਪਾਰਬ੍ਰਹਮ ਦਾ ਰੂਪ ਸਤਿਗੁਰੂ (ਸੁਗੰਧਤ) ਬ੍ਰਿਛ ਵਾਂਗ ਹੈ, ਜਿਸ ਦੇ ਖਿਲਾਰ ਕਰਨ ਨਾਲ ਕਈ ਤਰ੍ਹਾਂ ਨਾਲ ਸਿੱਖਾਂ ਸੰਤਾਂ ਦੇ ਰੂਪ ਵਿਚ ਮੂਲ, ਕੰਦ, ਟਾਹਣੀਆਂ ਤੇ ਪੱਤਰ ਹਨ।

(ਭਾਈ ਲਹਿਣਾ ਜੀ, ਬਾਬਾ ਅਮਰਦਾਸ ਜੀ ਆਦਿ ਗੁਰਸਿੱਖਾਂ ਦੀ ਅਤੁੱਟ ਘਾਲ ਕਮਾਈ ਸਦਕਾ) ਉਨ੍ਹਾਂ ਗੁਰਸਿੱਖਾਂ ਵਿਚ ਸਤਿਗੁਰੂ ਨੇ ਆਪਣੇ ਸਰੂਪ (ਆਪਣੀ ਜੋਤਿ) ਦਾ ਫਲ ਪ੍ਰਕਾਸ਼ ਕਰ ਦਿਤਾ ਹੈ। ਭਗਤੀ ਦੀ ਸੁਗੰਧੀ ਤੇ ਵਾਸ਼ਨਾ (ਵਿਚ ਮਹਿਕ ਹੋਏ ਉਨ੍ਹਾਂ ਗੁਰਸਿੱਖਾਂ ਸੰਤਾਂ ਨੂੰ ਨਾਮ-ਰਸ) ਵੰਡਣ ਦੇ ਉਪਕਾਰ ਦਾ ਚਾਅ ਹੈ।

ਸਤਿਗੁਰੂ ਦੇ ਕੰਵਲ ਵਰਗੇ ਚਰਨਾਂ ਦੀ ਸੁਗੰਧਤ ਧੂੜੀ ਦੇ ਰਸ ਦੇ ਰਸੀਏ ਹੋ ਕੇ ਉਹ ਗੁਰਸਿਖ ਚਰਣਾਮ੍ਰਿਤ ਚਖਦੇ ਹਨ ਅਤੇ ਸੰਸਾਰ ਦਾ ਨਿਸਤਾਰਾ ਕਰਦੇ ਹਨ।

ਗੁਰਸਿੱਖੀ ਮਾਰਗ ਦੀ ਮਹਿਮਾ ਦਾ ਬਿਆਨ ਨਹੀਂ ਕੀਤਾ ਜਾ ਸਕਦਾ। (ਬਸ ਇੰਨਾ ਹੀ ਕਹਿ ਸਕਦੇ ਹਾਂ, ਕਿ ਉਹ) ਤਿੰਨ ਕਾਲ ਬੇਅੰਤ ਹੈ ਅਤੇ ਬਾਰੰਬਾਰ ਨਮਸਕਾਰ ਜੋਗ ਹੈ।੪।੩੮।

ਬਰਨ ਬਰਨ ਬਹੁ ਬਰਨ ਗੋ-ਬੰਸ ਜੈਸੇ,
ਏਕੁ ਹੀ ਬਰਨ ਦੂਹੇ ਦੂਧੁ ਜਗੁ ਜਾਨੀਐ॥
ਅਨਿਕ ਪ੍ਰਕਾਰ ਫਲ ਫੂਲ ਕੈ ਬਨਾਸਪਤੀ,
ਏਕੈ ਰੂਪੁ ਅਗਨਿ ਸਰਬ ਮੈਂ ਸਮਾਨੀਐ॥
ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ,
ਆਪਾ ਖੋਇ ਮਿਲਤ ਅਨੂਪ ਰੂਪੁ ਠਾਨੀਐ॥
ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰ,
ਸਬਦ ਸੁਰਤਿ ਉਨਮਨਿ ਉਨਮਾਨੀਐ॥੫॥੩੯॥


www.AKJ.Org

**ਪਦ ਅਰਥ** : ਬਰਨ—ਰੰਗ । ਗੋ-ਬੰਸ—ਗਊਆਂ ਦੀ ਜਾਤੀ । ਦੂਹੇ ਦੂਧੁ—ਚੋਇਆ ਹੋਇਆ ਦੁਧ। ਅਨਿਕ ਪ੍ਰਕਾਰ—ਕਈ ਤਰ੍ਹਾਂ ਨਾਲ । ਬਨਾਸਪਤੀ—ਬ੍ਰਿਛ ਬੂਟੇ। ਅਗਨਿ—ਅਗਨੀ। ਸਮਾਨੀਐ—ਸਮਾਈ ਹੋਈ ਹੈ। ਚਤੁਰ ਬਰਨ- ਚਾਰ ਕਿਸਮਾਂ ਦੇ ਰੰਗ। ਅਉ—ਅਤੇ । ਆਪਾ ਖੋਇ—ਆਪਣਾ ਆਪ ਗੁਆ ਕੇ। ਅਨੂਪ ਰੂਪੁ—ਅਤਿ ਸੁੰਦਰ ਰੰਗ। ਠਾਨੀਐ—ਬਣਦਾ ਹੈ। ਲੋਗਨ ਮੈ—ਸੰਸਾਰੀਆਂ ਵਿਚ । ਲੋਗਾਚਾਰ—ਲੋਕਾਚਾਰੀ ਦ੍ਰਿਸ਼ਟੀ। ਏਕੰਕਾਰ—ਇਕ ਅਕਾਲ ਪਰਖ ਦਾ ਨਾਮ ਰੰਗ। ਉਨਮਨਿ—ਉਨਮਨੀ ਅਵਸਥਾ, ਉਚੀ ਆਤਮਕ ਅਵਸਥਾ। ਉਨਮਾਨੀਅ—ਵਿਚਾਰਦਾ, ਮਾਣਦਾ ਹੈ।

**ਅਰਥ** : ਜਿਵੇਂ ਗਊਆਂ ਦੀ ਜਾਤੀ ਵਿਚ ਰੰਗਾਂ ਰੰਗਾਂ, ਕਈ ਰੰਗਾਂ ਦੀਆਂ ਗਊਆਂ ਹੁੰਦੀਆਂ ਹਨ, ਪਰ ਜਗਤ ਜਾਣਦਾ ਹੈ ਕਿ ਉਨ੍ਹਾਂ ਦਾ ਚੋਇਆ ਹੋਇਆ ਦੁੱਧ ਇਕੋ ਹੀ ਰੰਗ ਦਾ ਹੁੰਦਾ ਹੈ।

ਕਈ ਤਰ੍ਹਾਂ ਦੇ ਫਲਾਂ ਫੁੱਲਾਂ ਵਾਲੇ ਬ੍ਰਿਛ ਬੂਟੇ ਹੁੰਦੇ ਹਨ, ਪਰ ਉਨ੍ਹਾਂ ਸਭਨਾਂ ਵਿਚ ਅਗਨੀ ਇਕੋ ਰੂਪ ਵਿਚ ਸਮਾਈ ਹੁੰਦੀ ਹੈ।

ਚਾਰ ਕਿਸਮਾਂ ਦੇ ਵਖ ਵਖ ਰੰਗ—ਪਾਨ, ਚੂਨਾ, ਸੁਪਾਰੀ ਅਤੇ ਕਥਾ ਵਿਚ ਹੁੰਦੇ ਹਨ, ਪਰ ਚਾਰੇ ਰੰਗਾਂ ਦਾ ਆਪਣਾ ਆਪ ਗੁਆਉਣ ਨਾਲ ਇਕੁ ਸੁੰਦਰ (ਲਾਲ ਗੁਲਾਲ) ਰੰਗ ਬਣ ਜਾਂਦਾ ਹੈ।

ਇਸੇ ਤਰ੍ਹਾਂ ਗੁਰਮੁਖ ਜਨ, ਸੰਸਾਰੀ ਲੋਕਾਂ ਵਿਚ ਵ੍ਰਿਚਰਦਿਆਂ ਲੋਕਾਚਾਰੀ ਦੇ ਵਖ ਵਖ ਰੰਗ ਗੁਆ ਕੇ ਇਕ ਨਿਰੰਕਾਰ ਦੇ ਨਾਮ-ਰੰਗ ਵਾਲੇ ਹੋ ਜਾਂਦੇ ਹਨ ਅਤੇ ਉਹ ਸ਼ਬਦ ਸੁਰਤ ਦੇ ਮੇਲ ਕਰਕੇ ਉਚੀ ਆਤਮਕ ਅਵਸਥਾ ਨੂੰ ਅਨੁਭਵ ਕਰਦ ਹਨ, ਭਾਵ, ਅਗੰਮੀ ਰਸ ਮਾਣਦ ਹਨ।੫।੩੯।

---

# ਵਿਸਾਖੀ ਦਾ ਟੀਚਾ

[ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਗੁੜਗਾਉਂ]

ਵੈਸਾਖੀ ਆਈ ਤੇ ਲੰਘ ਗਈ। (ਗੁਰ-ਅਸਥਾਨਾਂ) ਗੁਰਦੁਆਰਿਆਂ, ਵਿਦਿਅਕ ਸੰਸਥਾਵਾਂ ਅੰਦਰ ਦੀਵਾਨ ਸਜਾਏ ਗਏ, ਬਾਹਰੋਂ ਰਾਗੀ ਪਰਚਾਰਕ ਬੁਲਾਏ, ਕੀਰਤਨ ਦਰਬਾਰ, ਕਵੀ ਦਰਬਾਰ ਵੀ ਹੋਏ। ਹਜ਼ਾਰਾਂ ਨਹੀਂ ਲੱਖਾਂ ਰੁਪਏ ਖ਼ਰਚ ਕੀਤੇ ਗਏ। ਕੋਈ ਠੋਸ ਨਤੀਜਾ ਵੀ ਨਿਕਲਿਆ ? ਕਿਸੇ ਕਮੇਟੀ (ਸਿੰਘ ਸਭਾ) ਦੇ ਪ੍ਰਧਾਨ, ਸਕੱਤ੍ਰ ਜਾਂ ਮੈਂਬਰ ਨੇ ਸੋਚਿਆ ਕਿ ਅਸੀਂ ਕਿੰਨੇ ਕੇਸਾਧਾਰੀ ਵੀਰਾਂ ਨੂੰ ਪ੍ਰੇਰਨਾ ਕਰਕੇ ਖੰਡੇ ਬਾਟੇ ਦੀ ਪਾਹੁਲ (ਅੰਮ੍ਰਿਤ) ਪਾਨ ਕਰਾਉਣ ਦਾ ਉਦਮ ਕੀਤਾ ਹੈ ਤੇ ਨਿਗੁਰੇ ਤੋਂ ਸਗੁਰਾ ਬਣਾਇਆ ਹੈ ? ਕਿੰਨੇ ਕੁਰਾਹੇ ਪਏ ਹੋਏ ਗੁਰਮਤਿ-ਗਾਡੀ-ਰਾਹ ਦ ਪਾਂਧੀ ਬਣੇ ਹਨ ? ਕਿੰਨੇ ਸਿੱਖ ਘਰਾਣਿਆਂ ਦੇ ਜੰਮ-ਪਲ ਕੇਸਾਂ ਦਾੜ੍ਹਿਆਂ ਦੀ ਬਅਦਬੀ ਕਰਨ ਵਾਲਿਆਂ ਨੂੰ ਮੁੜ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰਵਾਇਆ ਹੈ ? ਪੰਥ-ਦਰਦੀਆਂ ਨੂੰ ਦੀਰਘ-ਦ੍ਰਿਸ਼ਟੀ ਨਾਲ ਇਸ ਵਿਸ਼ੇ ਤੇ ਸੋਚਣ ਅਤੇ ਕੁਝ ਕਰਨ ਦੀ ਲੋੜ ਹੈ।

ਦੇਸ਼ ਦੇ ਹਰ ਪ੍ਰਾਂਤ ਅੰਦਰ ਚਲਾਈਆਂ ਸਿੱਖ ਸੁਸਾਇਟੀਆਂ, ਸਿੰਘ ਸਭਾਵਾਂ ਜੇਕਰ ਹੰਭਲਾ ਮਾਰਨ ਤੇ ਕਲਗੀਧਰ ਪ੍ਰਕਾਸ਼ ਪੁਰਬ ਅਤੇ ਵੈਸਾਖੀ ਸਮਾਗਮਾਂ ਤੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਅਤੇ ਭਰਪੂਰ ਜਤਨ ਕਰਕੇ ਪ੍ਰਚਾਰ ਦੁਆਰਾ ਪ੍ਰਾਣੀ ਮਾਤਰ, ਖ਼ਾਸ ਕਰ ਨੌਜੁਆਨਾਂ ਨੂੰ ਜਹਾਜ਼ੇ ਚੜ੍ਹਾਨ ਦਾ ਪ੍ਰੋਗਰਾਮ ਉਲੀਕਣ ਤਾਂ ਆਉਣ ਵਾਲੀ ੧੯੯੯ ਦੀ ਵੈਸਾਖੀ ਤੇ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਬਨਾਣ ਦੇ ਟੀਚੇ ਵਿਚ ਵੀ ਕਾਫ਼ੀ ਯੋਗਦਾਨ ਪਾਇਆ ਜਾ ਸਕਦਾ ਹੈ।

ਸ਼ੋਕ ! ਅੱਜ ਤਾਂ ਕਈ ਸਿੰਘ ਸਭਾਵਾਂ ਦੇ ਪ੍ਰਧਾਨ, ਸਕੱਤ੍ਰ, ਮੈਂਬਰ ਵੀ ਆਪ ਅੰਮ੍ਰਿਤਧਾਰੀ ਨਹੀਂ, ਸਗੋਂ ਦੇਖਣ ਵਿਚ ਆਇਆ ਹੈ ਕਿ ਕਈ ਸਿੰਘ ਸਭਾਵਾਂ ਵਿਚ ਤਾਂ ਸਕੱਤ੍ਰ ਹੀ ਸਹਿਜਧਾਰੀ ਹਨ, ਜਿਨ੍ਹਾਂ ਨੂੰ ਪੰਜਾਬੀ ਲਿਖਣੀ ਹੀ ਨਹੀਂ ਆਉਂਦੀ ਤੇ ਉਰਦੂ ਵਿਚ ਪੱਤਰ-ਵਿਹਾਰ ਕਰਦੇ ਹਨ। ਗੁਰਮਤਿ ਵਿਚਾਰਧਾਰਾ ਦਾ ਗਿਆਨ ਤਾਂ ਉਨ੍ਹਾਂ ਤੋਂ ਕੋਹਾਂ ਦੂਰ ਹੈ।

ਪੰਥ ਦਰਦੀਓ ! ਸੁਧਾਰ ਕਰਨ ਲਈ ਹੰਭਲਾ ਮਾਰੋ ਤੇ ਗੁੰਮਰਾਹ ਨੌਜਵਾਨਾਂ ਨੂੰ ਅਕਾਲੀ ਝੰਡੇ ਹੇਠ ਲਿਆਓ।

www.AKJ.Org

# 'ਸੰਤ' ਪਦ ਬਾਰੇ ਵਿਚਾਰ

[ਸ: ਮਦਨ ਸਿੰਘ ਜੀ, ਬਰਮਿੰਘਮ, ਯੂ.ਕੇ.]

ਮਨੁੱਖ ਦੀ ਉਨਤੀ ਦੇ ਰਸਤੇ ਵਿੱਚ ਸਭ ਤੋਂ ਵੱਡੀ ਰੁਕਾਵਟ ਅਗਿਆਨਤਾ ਹੈ, ਭਾਵੇਂ ਉਹ ਅਧਿਆਤਮਿਕ ਖੇਤਰ ਵਿੱਚ ਹੋਵੇ ਜਾਂ ਪਦਾਰਥਕ ਖੇਤਰ ਵਿਚ। ਇਸ ਵਿੱਚ ਕੋਈ ਸ਼ਕ ਨਹੀਂ ਕਿ ਪਦਾਰਥਕ ਤੇ ਅਧਿਆਤਮਿਕ ਖੇਤਰਾਂ ਦਾ ਗਿਆਨ ਵੱਖ ਵੱਖ ਹੈ, ਪ੍ਰੰਤੂ ਜਿਸ ਨੇ ਹਲਤ ਤੇ ਪਲਤ ਦੋਵੇਂ ਹੀ ਸੰਵਾਰਨੇ ਹੋਣ, ਉਸ ਲਈ ਦੋਨੋਂ ਹੀ ਗਿਆਨ ਤੇ ਬਿਬੇਕ ਜ਼ਰੂਰੀ ਹਨ। ਇਸ ਸਮੇਂ ਸਿਖ ਧਰਮ ਮਨਮਤਿ ਦੀ ਲਪੇਟ ਵਿੱਚ ਹੈ ਤੇ ਬੁਰੀ ਤਰ੍ਹਾਂ ਰਸਾਤਲ ਵਲ ਧਕੇਲਿਆ ਜਾ ਰਿਹਾ ਹੈ। ਪੰਥਕ ਦੋਖੀ ਕਈ ਤਰ੍ਹਾਂ ਦੇ ਸ਼ੰਕੇ ਖੜੇ ਕਰ ਕੇ ਸਿਖ ਧਰਮ ਦੇ ਮੁਢਲੇ ਸਿਧਾਂਤਾਂ ਨੂੰ ਧੁੰਦਲਾ ਕਰਨ ਵਿਚ ਰੁਝੇ ਹੋਏ ਹਨ। ਹਮਲੇ ਬਾਹਰੋਂ ਤਾਂ ਹੋ ਹੀ ਰਹੇ ਹਨ ਅਤੇ ਬੁੱਕਲ ਦੇ ਸੱਪਾਂ—ਦੰਭੀ ਤੇ ਪਾਖੰਡੀ ਸੰਤਾਂ ਦਾ ਵੀ ਚੰਗਾ ਦਾਅ ਲਗਾ ਹੋਇਆ ਹੈ। ਇਸ ਮਨਮੱਤੀ ਹੜ੍ਹ ਤੋਂ ਬਚਣ ਲਈ ਸਾਡੇ ਪਾਸ ਪਿਉ ਦਾਦੇ ਦਾ ਖ਼ਜ਼ਾਨਾ ਗੁਰਬਾਣੀ ਹੈ, ਜਿਸ ਰਾਹੀਂ ਸੱਚ ਝੂਠ ਦੀ ਪਹਿਚਾਣ ਗੁਰਮਤਿ ਕਸੌਟੀ ਤੇ ਕਰ ਸਕਦੇ ਹਾਂ।

ਪੰਥ ਵਿਚ ਸੰਤ ਤੇ ਸਾਧ ਪਦ ਬਾਰੇ ਤਿੰਨ ਖ਼ਿਆਲ ਪ੍ਰਚਲਤ ਹਨ :

(੧) ਸੰਤ ਪਦ ਸਿਰਫ਼ ਗੁਰੂ ਪ੍ਰਥਾਇ। (੨) ਸੰਤ ਪਦ ਸਿਖ ਜਗਿਆਸੂ ਪ੍ਰਥਾਇ।

(੩) ਸੰਤ ਪਦ ਗੁਰੂ ਪਾਤਸ਼ਾਹ ਤੋਂ ਉਤਰ ਕੇ ਦੂਜਾ ਦਰਜਾ ਸੰਤਾਂ ਦਾ।

ਗੁਰਬਾਣੀ ਵਿਚ ਤਿੰਨਾਂ ਹੀ ਦਰਜਿਆਂ ਵਿਚ ਸੰਤ ਜਾਂ ਸਾਧ ਪਦ ਵਰਤਿਆ ਗਿਆ ਹੈ। ਗਿਆਨ ਤੇ ਬਿਬੇਕ ਬੁਧੀ ਨਾਲ ਵਿਚਾਰ ਕੀਤਿਆਂ ਅਸੀਂ ਕੁਛ ਲਾਭ ਉਠਾ ਸਕਦੇ ਹਾਂ। ਆਓ ਵਿਚਾਰ ਕਰੀਏ।

**ਸੰਤ ਪਦ ਗੁਰੂ ਪ੍ਰਥਾਇ**—ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਇਸ ਪਦ ਦੀ ਬਹੁਤ ਵਰਤੋਂ ਕੀਤੀ ਹੈ। ਸੁਖਮਨੀ ਸਾਹਿਬ ਦੀ ਸਤਵੀਂ ਤੇ ਤੇਰ੍ਹਵੀਂ ਅਸਟਪਦੀ ਵਿਚ ਸੰਤ (ਸਾਧ) ਪਦ ਨਿਰੋਲ ਗੁਰੂ ਸਾਹਿਬ ਪ੍ਰਥਾਇ ਹੀ ਹੈ। ਇਸ ਸੰਬੰਧ ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਨੇ 'ਸੰਤ ਪਦ ਨਿਰਣੈ' ਪੁਸਤਕ ਵਿਚ ਇਕ ਜਗ੍ਹਾ ਲਿਖਿਆ ਹੈ ਕਿ "ਗੁਰੂ ਚੌਥੀ ਪਾਤਸ਼ਾਹੀ ਨੇ ਜਿਥੇ ਕਿਥੇ ਵੀ ਸੰਤ ਦੀ ਮਹਿਮਾ ਗੁਰੂ ਸਰੂਪ ਵਿਚ ਗਾਈ ਹੈ, ਤਿਥੇ ਉਹਨਾਂ ਦਾ ਸਨਮੁਖ ਨਿਸ਼ਾਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਅਲੌਕਿਕ ਪਵਿਤ੍ਰਗਤ ਹਸਤੀ ਉਤੇ ਹੀ ਹੈ। ਇਸੇ ਪ੍ਰਕਾਰ ਗੁਰੂ ਤੀਜੀ ਪਾਤਸ਼ਾਹੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰ-ਸੰਤ ਹਸਤੀ ਸਨਮੁਖ ਰੱਖ ਕੇ ਗੁਰੂ ਸਰੂਪ ਵਿਚ ਸੰਤ ਪਦ ਦੀ ਉਪਮਾ ਕੀਤੀ ਹੈ। ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਪਹਿਲੀ ਪਾਤਸ਼ਾਹੀ ਨੂੰ ਗੁਰੂ-ਸੰਤ ਸੋਹੇਂ ਰਖ ਕੇ ਸੰਤ ਪਦ ਨੂੰ ਗੁਰੂ ਦੇ ਥਾਉਂ ਵਰਤਿਆ ਹੈ।" ਉਸ ਸਮੇਂ ਗੁਰੂ ਪਾਤਸ਼ਾਹ ਦੇਹ ਸਰੂਪ ਸਨ। ਭਾਈ ਸਾਹਿਬ ਦੇ ਇਸ ਖ਼ਿਆਲ ਦੀ ਪੁਸ਼ਟੀ ਹੋਰ ਵੀ ਕਈ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਕੀਤੀ ਹੈ।

ਗੁਰਬਾਣੀ ਵਿਚ ਅਨੇਕਾਂ ਥਾਈਂ ਸੰਤ ਪਦ ਗੁਰੂ ਸਾਹਿਬ ਪ੍ਰਥਾਇ ਵਰਤਿਆ ਮਿਲਦਾ ਹੈ। ਹੇਠਾਂ ਕੁਝ ਕੁ ਪੰਗਤੀਆਂ ਦਿਤੀਆਂ ਜਾ ਰਹੀਆਂ ਹਨ—

ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥
ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥੧॥ (ਪੰਨਾ ੧੧੯੮)

ਤਥਾ—ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥੧॥੫॥ (ਪੰਨਾ ੯੫੮)

ਤਥਾ—ਸੰਤਨ ਮੋਕਉ ਹਰਿ ਮਾਰਗਿ ਪਾਇਆ ॥ ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥
ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥ (ਪੰ. ੧੦੦)

**ਸਾਧ ਪਦ ਦੀ ਵਰਤੋਂ** ਵੀ ਗੁਰਬਾਣੀ ਵਿਚ ਆਈ ਹੈ। ਸਾਧ ਦੇ ਅਰਥ ਗਿਆਨੀ ਊਧਮ ਸਿੰਘ ਜੀ ਦੇ ਮੁਤਾਬਿਕ ਮਹਾਂ ਪੁਰਸ਼ ਜਿਸ ਨੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਸਾਧਿਆ ਹੋਇਆ ਹੈ, ਭਾਵ, ਜੋ ਕਾਮ, ਕ੍ਰੋਧ, ਲੋਭ,



www.AKJ.Org

ਮੋਹ, ਅਹੰਕਾਰ, ਆਸਾ, ਤ੍ਰਿਸ਼ਨਾ ਆਦਿ ਰੋਗਾਂ ਤੋਂ ਰਹਿਤ ਹੋ ਚੁੱਕਾ ਹੈ। ਗੁਰਬਾਣੀ ਵਿਚ ਐਸੇ ਸਾਧ ਦੀ ਤਰੀਫ਼ ਇਉਂ ਕੀਤੀ ਗਈ ਹੈ :–

ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥੮॥੨੪॥ (ਪੰਨਾ ੨੯੬)

ਉਪਰ ਲਿਖੇ ਗੁਣ ਆਮ ਸਾਧ ਵਿਚ ਨਹੀਂ ਮਿਲ ਸਕਦੇ। ਇਸ ਲਈ ਨਿਸਚੇ ਹੀ ਗੁਰੂ ਸਾਹਿਬ ਨੇ ਸਾਧ ਪਦ ਦੀ ਵਰਤੋਂ ਗੁਰੂ ਪਦ ਲਈ ਹੀ ਕੀਤੀ ਹੈ। ਗੁਰੂ ਫੁਰਮਾਨ ਹੈ :–

ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥
ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥ਰਹਾਉ॥੨੨॥ (ਪੰਨਾ ੪੨੨)

ਤਥਾ- ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥
ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸ ਹਿਰਦੈ ਨਾਮੁ ਮੁਰਾਰੀ ॥੧॥ਰਹਾਉ॥੫॥ (ਪੰਨਾ ੫੨੮)

ਤਥਾ–ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥
ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥੪॥੬॥(ਪੰਨਾ ੬੯੮)

ਭਾਈ ਗੁਰਦਾਸ ਜੀ ਨਿਰਣਾ ਕਰ ਦਿੰਦੇ ਹਨ ਕਿ–

ਥੰਮੇ ਕੋਇ ਨ ਸਾਧ ਬਿਨੁ, ਸਾਧ ਨ ਦਿਸੈ ਜਗ ਵਿਚਿ ਕੋਆ ॥ ੧/੨੨

**ਸੰਤ ਪਦ ਗੁਰਸਿਖ* ਪ੍ਰਥਾਇ**–ਗੁਰਬਾਣੀ ਵਿਚ ਗੁਰੂ ਸਾਹਿਬ ਨੇ ਸਿਖ ਨੂੰ ਮੀਤ, ਸਜਣ, ਪਦਾਂ ਨਾਲ ਵਿਆਖਿਆ ਹੈ। ਜਿਸ ਤਰ੍ਹਾਂ–

ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ॥ ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ॥
ਗੁਰ ਮਿਲਿ ਨਾਨਕ ਨਾਮੁ ਧਿਆਇਆ ਸਾਚਿ ਨਾਮਿ ਨਿਸਤਾਰਾ ॥੪॥੧॥ (ਪੰਨਾ ੬੮੦)

ਇਥੇ ਇਸ ਪੰਗਤੀ ਵਿਚ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਸੰਤ ਮੀਤ ਸਜਨ ਕਹਿ ਕੇ ਸੰਬੋਧਨ ਕੀਤਾ ਹੈ। ਉਹਨਾਂ ਨੂੰ ਉਪਦੇਸ਼ ਦ੍ਰਿੜ੍ਹਾਇਆ ਹੈ ਕਿ ਇਹ ਦ੍ਰਿਸ਼ਟਮਾਨ ਪਸਾਰਾ ਸਭ ਝੂਠਾ ਹੈ। ਇਸ ਪਸਾਰੇ ਵਿਚ ਜਿਨ੍ਹਾਂ ਸਤਿਗੁਰੂ ਨੂੰ ਮਿਲ ਕੇ ਨਾਮ ਪ੍ਰਾਪਤ ਕੀਤਾ ਅਤੇ ਧਿਆਇਆ ਹੈ, ਉਨ੍ਹਾਂ ਦਾ ਹੀ ਸਚ ਨਾਮ ਦੁਆਰਾ ਪਾਰ-ਉਤਾਰਾ ਹੋਣਾ ਹੈ।

ਤਥਾ–ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥ (ਪੰਨਾ ੯੨੨)

ਇਥੇ ਵੀ 'ਸੰਤ ਸਾਜਨ ਭਏ ਸਰਸੇ' ਵਾਲੀ ਪੰਗਤੀ ਗੁਰੂ ਸਾਹਿਬ ਨੇ ਸਿੱਖਾਂ ਪ੍ਰਥਾਇ ਹੀ ਲਿਖੀ ਹੈ। ਇਸੇ ਤਰ੍ਹਾਂ ਅਨੇਕਾਂ ਹੀ ਗੁਰ ਫੁਰਮਾਨ ਹਨ ਜਿਹੜੇ ਉਪਰ ਲਿਖੇ ਸ਼ਬਦਾਂ ਦੀ ਪ੍ਰੋੜ੍ਹਤਾ ਕਰਦੇ ਹਨ। ਟੂਕ ਮਾਤਰ ਹੀ ਪ੍ਰਮਾਣ ਦਿਤੇ ਹਨ। ਗੁਰੂ ਸਾਹਿਬ ਨੇ ਸੰਤ ਦੀ ਤਾਰੀਫ਼ ਕਰਦਿਆਂ ਲਿਖਿਆ ਹੈ–

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥੮॥ (ਪੰਨਾ ੩੧੯)

ਜਿਨ੍ਹਾਂ ਨੂੰ ਆਂਦੇ ਜਾਂਦੇ ਹਰੇਕ ਸਵਾਸ ਨਾਲ ਮਨ ਚੋਂ ਹਰਿ-ਨਾਮ-ਮੰਤ੍ਰ ਨਹੀਂ ਵਿਸਰਦਾ, ਸਤਿਗੁਰੂ ਫੁਰਮਾਂਦੇ ਹਨ, ਓਹੀ (ਗੁਰਮੁਖ ਜਨ) ਧੰਨਤਾ ਜੋਗ ਹਨ। ਨਾਮ-ਸਿਮਰਨ ਨੂੰ ਸਵਾਸ ਸਵਾਸ ਸਿਮਰਨ ਵਾਲਾ ਹੀ, ਉਹ (ਗੁਰਮੁਖ) ਪੂਰਨ ਪਾਰਬ੍ਰਹਮ ਦਾ ਸੱਚ ਸਰੂਪ ਸਤ ਪੁਰਖ ਹੈ।

ਪ੍ਰੰਤੂ ਇਹੋ ਜਿਹਾ ਸੰਤ ਅੱਜ ਕਲ੍ਹ ਕਿੱਥੇ ਮਿਲਦਾ ਹੈ ? 'ਸੰਤਾਂ ਦੇ ਵੱਗ ਫਿਰਦੇ, ਮੈਂ ਕੀਹਦੇ ਚਰਨੀਂ ਹੱਥ

*ਸੰਤ ਪਦ ਇਕ-ਵਚਨ ਵਿਚ ਕਿਤੇ ਵੀ ਗੁਰਸਿਖ ਪ੍ਰਥਾਇ ਨਹੀਂ ਹੈ, ਜਿਥੇ ਕਿਤੇ ਵੀ ਸੰਤ ਪਦ ਦੀ ਵਰਤੋਂ ਸਿੱਖਾਂ ਪ੍ਰਤੀ ਹੋਵੇਗੀ, ਉਹ ਬਹੁ-ਵਚਨ ਵਿਚ ਹੀ ਮਿਲੇਗੀ।


www.AKJ.Org

ਲਾਵਾਂ', ਗੱਲ ਮਸ਼ਹੂਰ ਹੈ। ਗੁਰੂ ਪਾਤਸ਼ਾਹ ਨੇ ਇਹੋ ਜਿਹੇ ਸੱਚੇ ਸੰਤ ਜਾਂ ਗੁਰਸਿਖ ਬਾਰੇ ਫ਼ੈਸਲਾ ਦਿੱਤਾ ਹੈ,

ਕੋਟਨ ਮਹਿ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ (ਪੰਨਾ ੧੪੨੭)

ਪਾਖੰਡੀ ਦੰਭੀ ਤੇ ਕਲਜੁਗੀ ਸੰਤਾਂ ਬਾਰੇ ਗੁਰੂ ਸਾਹਿਬ ਨੇ ਕਰੜੇ ਸ਼ਬਦ ਵਰਤੇ ਹਨ :—

ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥੬॥ (ਪੰਨਾ ੪੯੧)

ਤਥਾ—ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥...

ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥
ਧਰਮਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ...॥੧॥੩੦॥(੩੧੫-੧੬)

ਇਹੋ ਜਿਹੇ ਸੰਤਾਂ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬਹੁਤ ਸੋਹਣੀ ਟਿਪਣੀ 'ਗੁਰੂ ਅਤੇ ਸਿਖ' ਲੇਖ ਵਿਚ ਕੀਤੀ ਹੈ। ਲਿਖਦੇ ਹਨ, "ਜਿਨ੍ਹਾਂ ਨੂੰ ਸੰਤ ਬਣਨ ਦੀ ਵਾਦੀ ਪੈ ਗਈ ਹੈ ਉਹ ਨਿਰੇ ਸੰਤ ਬਣੇ ਉਤੇ ਹੀ ਕਨਾਇਤ ਨਹੀਂ ਕਰਦੇ, ਸਗੋਂ ਗੁਰੂ. ਗੁਰਦੇਵ ਦਾ ਦਰਜਾ ਵੀ ਆਪਣੇ ਉਤੇ ਅਰੋਪ ਲੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤ ਬਿਆ ਹਜ਼ੂਰੀ ਵਿਚ ਗੱਦੀਆਂ, ਤੱਕੀਏ ਲਾ ਲਾ ਬਹਿੰਦੇ ਹਨ। ਕਈ ਬੇਅਦਬ ਗੁਰੂ-ਡੰਮੀਏ-ਸੰਤ ਤਾਂ ਆਪਣੇ ਉਪਰ ਚੌਰ ਕਰਵਾਉਣ ਦੀ ਢੀਠਤਾ ਵਿਚ ਭੀ ਨਿਰਲੱਜ ਹੋ ਕੇ ਪਰਵਿਰਤ ਹੋਏ ਹੋਏ ਹਨ। ਆਪਣੇ ਪੈਰ ਪੂਜਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਗੁਰੂ ਸਾਹਮਣੇ ਆਪਣੇ ਪੈਰਾਂ ਉਤੇ ਮੱਥੇ ਟਿਕਾਉਂਦੇ ਹਨ ਤੇ ਗੁਰੂ ਬਣ ਕੇ ਇਕੱਲੇ ਇਕੱਲ ਗੁਰੂ ਮੰਤ੍ਰ ਦਿੰਦੇ ਹਨ।"

ਕਈ ਭਲੇਭਾਲੇ ਸਿੱਖ ਸੰਤੀ ਪਹਿਰਾਵੇ ਤੇ ਸੰਤੀ ਮੋਮੋਠਗਣੀਆਂ ਗੱਲਾਂ ਵਿਚ ਫਸ ਕੇ ਅੰਨ੍ਹੀ ਸ਼ਰਧਾ ਦਾ ਹੀ ਸ਼ਿਕਾਰ ਹੋ ਜਾਂਦੇ ਹਨ ਅਤੇ ਇਨ੍ਹਾਂ ਬਗਲੇ ਭਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਹੀ ਰੂਪ ਸਮਝਣ ਦੀ ਮੂਰਖਤਾ ਕਰ ਬੈਠਦੇ ਹਨ। ਆਪਣਾ ਲੋਕ ਪਰਲੋਕ ਸੁਆਰਦੇ ਸੁਆਰਦੇ ਰਸਾਤਲ ਦੀ ਖੱਡ ਵਿਚ ਜਾ ਡਿਗਦੇ ਹਨ। ਪਾਖੰਡੀ ਸੰਤ, ਲੋਕਾਂ ਨੂੰ ਗੁਮਰਾਹ ਕਰਨ ਲਈ "ਸੰਤ ਕਾ ਨਿੰਦਕੁ ਮਹਾ ਹਤਿਆਰਾ ॥"(੨੮੦) ਆਦਿ ਰੱਟਨ ਕੀਤੀਆਂ ਤੁਕਾਂ ਵਰਤ ਕੇ ਆਪਣੇ ਸ਼ਰਧਾਲੂਆਂ ਦੇ ਮਨਾਂ ਵਿਚ ਡਰ ਦਾ ਹਊਆ ਖੜਾ ਕਰ ਦਿੰਦੇ ਹਨ ਤੇ ਸਾਧਾਰਨ ਬੰਦਾ ਡਰਦਾ ਆਪਣਾ ਮੂੰਹ ਇਹਨਾਂ ਦੇ ਖਿਲਾਫ਼ ਨਹੀਂ ਖੋਲ੍ਹਦਾ, ਮਤਾ ਕ੍ਰਿਤੇ ਸੰਤਾਂ ਦੀ ਕਰੋਪੀ ਦਾ ਸ਼ਿਕਾਰ ਨਾ ਹੋ ਜਾਵੇ। ਸੱਚ ਨੂੰ ਸਚ ਆਖਣਾ ਪੁੰਨ ਹੈ। ਪਾਖੰਡੀਆਂ ਤੇ ਦੰਭੀਆਂ ਸਾਧਾਂ ਸੰਤਾਂ ਦੀਆਂ ਕਰਤੂਤਾਂ ਨੂੰ ਲੋਕਾਂ ਨੂੰ ਦਸ ਕੇ ਇਹਨਾਂ ਤੋਂ ਬਚਣ ਦਾ ਹੋਕਾ ਦੇਣਾ ਵੱਡੀ ਬਹਾਦਰੀ ਹੈ ਅਤੇ ਗੁਰੂ-ਹੁਕਮਾਂ ਦੀ ਪਾਲਣਾ ਹੈ। ਕਦਾਚਿਤ ਨਿੰਦਾ ਨਹੀਂ।

ਸੰਤ-ਅਖਵਾਂਦੇ ਬਹੁਤੇ ਡੇਰੇ ਆਪਣੇ ਆਪ ਨੂੰ ਗੁਰੂ ਨਾਨਕ ਦੇ ਅਵਤਾਰ ਤੋਂ ਘਟ ਦਸਦੇ ਹੀ ਨਹੀਂ। ਇਨ੍ਹਾਂ ਸੰਤਾਂ ਦੇ ਚੇਲੇ-ਚਾਟੜੇ 'ਮੁਖੀ' ਬਣ ਕੇ ਬਾਹਰਲੇ ਦੇਸਾਂ ਵਿਚ ਵੀ ਆਪਣੇ ਸੰਤਾਂ ਨੂੰ ਗੁਰੂ ਨਾਨਕ ਦਾ ਅਵਤਾਰ ਪਰਚਾਰਨ ਦੀ ਢੀਠਤਾਈ ਕਰਦੇ ਫਿਰਦੇ ਹਨ। ਅੱਜ ਕਲ੍ਹ ਇਨ੍ਹਾਂ ਮੁਖੀਆਂ ਵਿਚੋਂ ਇਕ ਮੁਖੀ, ਨਾਬਾਲਗ ਕੁੜੀਆਂ ਨਾਲ ਖੇਹ ਖਾਣ ਦੇ ਦੋਸ਼ ਵਿਚ ਸਾਢੇ ਪੰਜ ਸਾਲ ਲਈ ਕੈਨੇਡਾ ਦੀ ਜੇਲ੍ਹ ਵਿਚ ਹਵਾ ਫਕ ਰਿਹਾ ਹੈ।

ਖਾਲਸਾ ਜੀ! ਸੰਤ-ਡੰਮੀਏ ਤੇ ਗੁਰੂ-ਡੰਮੀਏ ਹੁਣ ਤਕ ਬਹੁਤ ਨੁਕਸਾਨ ਕਰ ਚੁੱਕੇ ਹਨ, ਇਨ੍ਹਾਂ ਨੂੰ ਹੋਰ ਖੁਲ੍ਹ ਦੇਣੀ ਵੱਡੀ ਅਣਗਹਿਲੀ ਹੋਵੇਗੀ, ਅਗੇ ਕਈ ਵਾਰ ਹੱਥ ਲਗ ਚੁੱਕੇ ਹਨ। ਕੀ ਪੰਥ ਮੇਰੇ ਵਰਗੇ ਨਿਮਾਣੇ ਸਿੱਖ ਦੇ ਮਨ ਅੰਦਰੋਂ ਉਠੀ ਹੂਕ ਵਲ ਧਿਆਨ ਦੇਵੇਗਾ ?



www.AKJ.Org

# ਜਿਨ੍ਹਾਂ ਵੇਖ ਕੇ ਅਣਡਿੱਠ ਕੀਤਾ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਪੜਦੇ ਕੱਜਣ ਦੀ ਬਿਰਤੀ, ਵੇਖ ਕੇ ਅਣਡਿੱਠ ਕਰਨ ਦੀ ਬਿਰਤੀ ਹੈ। ਹੋਰਨਾਂ ਦੇ ਔਗੁਣਾਂ ਨੂੰ ਨਜ਼ਰ-ਅੰਦਾਜ਼ ਕਰ ਸਕਣਾ ਵੱਡੇ ਆਤਮ-ਬਲ ਦੀ ਨਿਸ਼ਾਨੀ ਹੈ। ਇਹ ਮਨੁੱਖੀ ਆਤਮਾ ਦੀ ਇਕ ਅਤਿ ਕੋਮਲ ਪ੍ਰਾਪਤੀ ਹੈ, ਅਤਿ ਉਦਾਰ ਪਹੁੰਚ ਹੈ। ਵੇਖ ਕੇ ਅਣਡਿੱਠ ਕਰਨ ਵਾਲੇ ਦਾ ਹਿਰਦਾ ਬ੍ਰਹਿਮੰਡ ਜੇਡਾ ਮੋਕਲਾ ਹੁੰਦਾ ਹੈ, ਪਰ ਉਸ ਵਿਚ ਹੋਰਨਾਂ ਦੇ ਔਗੁਣ ਟਿਕਾਣ ਜੋਗੀ ਰਤਾ ਜਿੰਨੀ ਥਾਂ ਵੀ ਨਹੀਂ ਹੋਂਦੀ।

ਵੇਖ ਕੇ ਅਣਡਿੱਠ ਕਰਨਾ ਦੈਵੀ ਸੁਭਾ ਹੈ। ਇਹ ਤਾਂ ਵਾਹਿਗੁਰੂ ਦਾ ਆਪਣਾ ਬਿਰਦ ਹੈ। ਉਹ ਸਾਡੇ ਅਉਗੁਣ ਨਹੀਂ ਚਿਤਾਰਦਾ[੧], ਦੋਖ ਨਹੀਂ ਦੇਖਦਾ, ਸਾਡਾ ਹਰ ਛਿਦ੍ਰ ਢਕਦਾ ਹੈ[੨]। ਜੇਕਰ ਅਸੀਂ ਚਾਹੁੰਦੇ ਹਾਂ ਕਿ ਵਾਹਿਗੁਰੂ ਸਾਡੇ ਅਉਗੁਣ ਨ ਚਿਤਾਰੇ ਤਾਂ ਸਾਨੂੰ ਵੀ ਬਣ ਆਉਂਦਾ ਹੈ, ਅਸੀਂ ਵੀ ਹੋਰਨਾਂ ਦੇ ਅਉਗੁਣ ਨ ਚਿਤਾਰੀਏ। ਪੜਦੇ ਓਹੋ ਕੱਜ ਸਕਦਾ ਹੈ ਜੋ ਪਿਆਰ ਕਰਦਾ ਹੋਵੇ। ਵੇਖ ਕੇ ਅਣਡਿੱਠ ਓਹੋ ਕਰ ਸਕਦਾ ਹੈ ਜੋ ਬ੍ਰਹਮ-ਨਿਸ਼ਠ ਹੋਵੇ।

ਅਧਿਆਤਮ-ਮਾਰਗ ਦੇ ਪਾਂਧੀ ਹੋਰਨਾਂ ਦੇ ਗੁਣ ਵੇਖਦੇ ਹਨ, ਅਉਗਣ ਕੇਵਲ ਆਪਣੇ ਨਿਹਾਰਦੇ ਹਨ। ਸਿੱਖੀ ਵਿਚ ਤਾਂ ਕੇਵਲ ਗੁਣਾਂ ਦੀ ਸਾਂਝ ਦਾ ਆਦੇਸ਼ ਹੈ[੩]। ਪਰਾਏ ਅਉਗਣ ਵੇਖ ਕੇ ਤਾਂ ਕੇਵਲ ਕੋਈ ਨਿੰਦਕ ਹੀ ਖ਼ੁਸ਼ ਹੋਂਦਾ ਹੈ, ਕਿਉਂਕਿ ਬੁਰਾ ਚਿਤਵਣਾ ਉਸ ਦਾ ਸ਼ੇਵਾ ਹੈ।[੪] ਨਿੰਦਾ ਦੀ, ਐਪਰ, ਸਿੱਖੀ ਵਿਚ ਸਖ਼ਤ ਵਰਜਨਾ ਹੈ: ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥

ਮੁਹ ਕਾਲੇ ਤਿਨ ਨਿੰਦਕਾਂ ਨਰਕੇ ਘੋਰਿ ਪਵੰਨਿ ॥ —ਸੂਹੀ ਮ: ੩ (੭੫੫/੭)

ਸਿੱਖੀ ਵਿਚ ਕ੍ਰੋਧ ਤੇ ਬਦਲੇ ਦੀ ਭਾਵਨਾ ਦੀ ਵੀ ਕੋਈ ਗੁੰਜਾਇਸ਼ ਨਹੀਂ। ਇਥੇ ਤਾਂ ਖਿਮਾ ਦਾ ਹੀ ਆਦੇਸ਼ ਹੈ:

ਖਿਮਾ ਗਹੁ ਸਤਿਗੁਰ ਸਰਣਾਈ ॥ —ਮਾਰੂ ਮ: ੧ (੧੦੩੦/੧੧)

ਖਿਮਾ ਪਿਆਰ ਦਾ ਉੱਚਤਮ ਪ੍ਰਗਟਾਵਾ ਹੈ। ਇਸ ਦੀ ਬਰਕਤ ਨਾਲ ਹੀ ਟੁੱਟੀ ਗੰਢੀ ਜਾਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਕ ਵੇਰਾਂ ਸਿੱਖਾਂ ਨੂੰ ਉਪਦੇਸ਼ ਕਰ ਰਹੇ ਸਨ, ਜਦ ਗੱਲ ਖਿਮਾ ਦੀ ਚਲ ਪਈ। ਤਦ ਸਤਿਗੁਰਾਂ ਆਖਿਆ:

ਕਰਨੀ ਛਿਮਾ ਮਹਾ ਤਪ ਜਾਨ ॥ ਛਿਮਾ ਕਰਨ ਹੀ ਦੇਬੋ ਦਾਨ ॥
ਛਿਮਾ ਸਕਲ ਤੀਰਥ ਇਸਨਾਨ ॥ ਛਿਮਾ ਕਰਤ ਨਰ ਕੀ ਕਲਿਆਨ ॥
ਛਿਮਾ ਸਮਾਨ ਆਨ ਗੁਨ ਨਾਹੀ ॥ ਯਾ ਤੇ ਛਿਮਾ ਧਰਹੁ ਮਨ ਮਾਹੀ ॥

—ਗੁਰ ਪ੍ਰਤਾਪ ਸੂਰਜ, ਰਾਸ ੧੧. ਅੰਸੂ ੧੭

ਖਿਮਾ ਵਡਾ ਤੱਪ ਹੈ। ਜਿਥੇ ਖਿਮਾ ਵਰਤੇ ਉਥੇ ਵਾਹਿਗੁਰੂ ਆਪ ਵਰਤਦਾ ਹੈ।[੫] ਕਈ ਵਾਰ ਸ਼ੰਕਾ ਉਠਾਇਆ ਜਾਂਦਾ ਹੈ ਕਿ ਖਿਮਾ ਕਰਨਾ ਨਿਆਂ ਦੇ ਵਿਰੁੱਧ ਹੈ। ਖਿਮਾ ਕਰਨਾ ਅਨਿਆਂ ਨਹੀਂ ਹੁੰਦਾ। ਇਸ ਨਾਲ ਤਾਂ ਦੈਵੀ ਨਿਆਂ ਦੀ ਅਮਲਦਾਰੀ ਕਬੂਲੀ ਜਾਂਦੀ ਹੈ। ਖਿਮਾ ਕਰਨਾ, ਸੰਪੂਰਨ ਅਵਸਥਾ ਨੂੰ ਵਾਹਿਗੁਰੂ ਦੇ ਸੱਚ ਨਿਆਂ ਦੇ

੧. ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥ —ਮਾਰੂ ਵਾਰ ਮ: ੫ (੧੧੦੧/੧੯)
੨. ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੇ ॥ —ਗਉੜੀ ਮ: ੫ (੨੭੦/੪)
੩. ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ —ਸੂਹੀ ਮ: ੧ (੭੬੬/੧)
੪. ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥ —ਬਿਲਾਵਲੁ ਮ: ੫ (੮੨੩/੭)
੫. ਜਹਾ ਗਿਆਨੁ ਤਹਾ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ, ਜਹਾ ਖਿਮਾ ਤਹ ਆਪਿ ॥ —ਸਲੋਕ ਕਬੀਰ (੧੩੭੨/੧੫)


www.AKJ.Org

ਸਪੁਰਦ ਕਰਨਾ ਹੈ।

ਦਰ-ਅਸਲ ਨਿਆਂ ਸਭ ਤੋਂ ਹੇਠਲੀ ਅਵਸਥਾ ਹੈ, ਜੋ ਦੋਸ਼ੀ ਨੂੰ ਦੰਡ ਦੇ ਕੇ ਹੀ ਸੰਤੁਸ਼ਟ ਹੁੰਦੀ ਹੈ। ਇਸ ਤੋਂ ਉਪਰਲੀ ਅਵਸਥਾ ਕਰੁਣ-ਨਿਆਂ ਦੀ ਹੈ, ਜੋ ਦੰਡ ਦੇਂਦਿਆਂ ਤਰਸ ਖਾਂਦਾ ਹੈ। ਇਸ ਤੋਂ ਉਪਰ ਖਿਮਾ ਹੈ, ਖਿਮਾ ਤੋਂ ਉਪਰ ਖਿਮਾ ਦੇ ਨਾਲ ਚਿਤ-ਨ-ਰੱਖਣ ਦੀ ਅਵਸਥਾ ਹੈ—ਜਿਵੇਂ ਮਾਂ ਨ-ਕੇਵਲ ਆਪਣੇ ਬੱਚਿਆਂ ਦੇ ਦੋਸ਼ ਮਾਫ਼ ਹੀ ਕਰ ਦੇਂਦੀ ਹੈ, ਉਹਨਾਂ ਨੂੰ ਚਿਤ ਵਿਚ ਵੀ ਨਹੀਂ ਰਖਦੀ।[1] ਇਸ ਤੋਂ ਵੀ ਉੱਚੀ ਅਵਸਥਾ ਵੇਖ ਕੇ ਅਣਡਿੱਠ ਕਰਨ ਦੀ ਹੈ। ਇਸ ਤੋਂ ਹੇਠਲੀਆਂ ਸਭ ਅਵਸਥਾਵਾਂ ਹਲਤ-ਮੁਖੀ ਸਨ। ਏਹੋ ਇਕ ਪਲਤ-ਮੁਖੀ ਅਵਸਥਾ ਹੈ, ਜਿਸ ਵਿਚ ਕਿਸੇ ਨੂੰ ਬੁਰਾ ਭਲਾ ਕਿਹਾ ਵੀ ਨਹੀਂ ਜਾਂਦਾ, ਚਿਤਵਿਆ ਵੀ ਨਹੀਂ ਜਾਂਦਾ। ਜਦ ਸਭੇ ਜੀਅ ਵਾਹਿਗੁਰੂ ਦੇ ਆਪਣੇ ਜੀਅ ਹਨ, ਤਾਂ ਬੁਰਾ ਭਲਾ ਕਿਸ ਨੂੰ ਕਿਹਾ ਜਾ ਸਕਦਾ ਹੈ ?[2]

ਵੇਖ ਕੇ ਅਣਡਿੱਠ ਕਰਨ ਦਾ ਆਦਰਸ਼ ਸਤਿਗੁਰਾਂ ਆਪਣੀ ਜ਼ਿੰਦਗੀ ਵਿਚ ਕਮਾ ਕੇ ਵਿਖਾਇਆ। ਗੁਰੂ ਅਮਰਦਾਸ ਜੀ ਨੂੰ ਭਰੀ ਸੰਗਤ ਵਿਚ ਦਾਤੂ ਜੀ ਨੇ ਲੱਤ ਮਾਰੀ ਤਾਂ ਆਪ ਉਹਨਾਂ ਦੇ ਚਰਨ ਇਹ ਕਹਿੰਦਿਆਂ ਘੁੱਟਣ ਲਗ ਪਏ, "ਮੇਰੀਆਂ ਬੁਢੀਆਂ, ਕਰੜੀਆਂ ਹੱਡੀਆਂ ਕਾਰਨ ਆਪ ਦੇ ਚਰਨਾਂ ਨੂੰ ਸੱਟ ਲਗੀ ਹੋਵੇਗੀ।" ਗੁਰੂ ਅਰਜਨ ਸਾਹਿਬ ਦੇ ਭ੍ਰਾਤਾ ਪ੍ਰਿਥੀ ਚੰਦ ਨੇ ਹਮੇਸ਼ਾ ਉਹਨਾਂ ਨਾਲ ਭੈੜਾ ਸਲੂਕ ਕੀਤਾ। ਦਸਤਾਰ-ਬੰਦੀ ਵੇਲੇ ਸਭ ਦੇ ਸਾਹਮਣੇ ਥੱਪੜ ਮਾਰ ਕੇ ਉਹਨਾਂ ਦੀ ਪੱਗ ਵੀ ਲਾਹ ਦਿੱਤੀ। ਉਹਨਾਂ ਦੇ ਬੱਚੇ ਸ੍ਰੀ ਹਰਿਗੋਬਿੰਦ ਜੀ ਨੂੰ ਮਰਵਾਉਣ ਦੇ ਜਤਨ ਵੀ ਕੀਤੇ। ਪਰ ਜਦ ਉਹ ਆਪ ਬੀਮਾਰ ਪੈ ਗਏ ਤਾਂ ਗੁਰੂ ਅਰਜਨ ਦੇਵ ਜੀ ਨੇ ਜੁੜੀ ਸੰਗਤ ਵਿਚ ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ। ਫਿਰ ਉਹਨਾਂ ਦੇ ਸਿਹਤਯਾਬ ਹੋਣ ਪਰ ਸ਼ੁਕਰਾਨੇ ਦਾ ਸ਼ਬਦ ਵੀ ਉਚਾਰਿਆ, ਜੋ ਆਪ ਦੀ ਬਾਣੀ ਵਿਚ ਦਰਜ ਹੈ।[3] ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਪਰਵਾਰ ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਹੋ ਗਿਆ। ਪਰ ਸਤਿਗੁਰਾਂ ਦਾ 'ਜ਼ਫ਼ਰਨਾਮਾ' ਪੜ੍ਹ ਕੇ ਜਦ ਉਸ ਅੰਦਰ ਪਸ਼ਚਾਤਾਪ[4] ਜਾਗਿਆ ਤੇ ਸਤਿਗੁਰਾਂ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਤਾਂ ਗੁਰੂ ਜੀ ਨੇ ਸਭ ਕੁਝ ਅਣਡਿੱਠ ਕਰ, ਉਸ ਨੂੰ ਮਿਲਣ, ਦੱਖਣ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਅਸੀਂ ਅਕਾਲ ਪੁਰਖ ਦੀ ਅਣਡਿੱਠ ਕਰਣੀ ਦੀ ਛਤਰ-ਛਾਇਆ ਹੇਠ ਜੀਊਂਦੇ ਹਾਂ। ਅਸੀਂ ਖਿਨ ਖਿਨ ਭੁਲਦੇ ਹਾਂ, ਉਹ ਅਗਾਊਂ ਆਪਣੀ ਬਖ਼ਸ਼ਿੰਦਗੀ ਵਰਤਾਈ ਰਖਦਾ ਹੈ। ਅਸੀਂ ਉਸ ਤੋਂ ਟੁੱਟ ਟੁੱਟ ਜਾਂਦੇ ਹਾਂ; ਉਹ ਹਰ ਵਾਰ ਟੁੱਟੀ ਗੰਢ ਲੈਂਦਾ ਹੈ। ਸਤਿਗੁਰੂ ਵੀ ਵੇਖ ਕੇ ਅਣਡਿੱਠ ਕਰਦਾ ਤੇ ਟੁਟੀ ਗੰਢਦਾ ਹੈ। ਸਿੱਖਾਂ ਲਈ ਵੀ ਇਸ ਦੈਵੀ ਗੁਣ ਦਾ ਅਭਿਆਸ ਬਣ ਆਉਂਦਾ ਹੈ। ਜਿਨ੍ਹਾਂ ਉੱਚੀਆਂ ਆਤਮਾਵਾਂ ਨੇ ਇਸ ਪੱਧਰ ਤੇ ਜੀਵਿਆ ਤੇ ਵੇਖ ਕੇ ਅਨਡਿੱਠ ਕੀਤਾ, ਉਹਨਾਂ ਪਿਆਰ ਨਾਲ ਭਿੱਜੀਆਂ, ਵਿਸ਼ਵਾਸ ਨਾਲ ਛੁਲਕਦੀਆਂ ਆਤਮਾਵਾਂ ਦੀ ਪਿਆਰ-ਤਪੱਸਿਆ ਨੂੰ ਅਰਦਾਸ ਵਿਚ ਅਭਿਨੰਦਨ ਦਿੱਤਾ ਜਾਂਦਾ ਹੈ।

---

੧. ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥ —ਆਸਾ ਕਬੀਰ ਜੀ (੪੭੮/੧੪)

੨. ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ ॥ —ਆਸਾ ਮ: ੫ (੩੮੩/੮)

੩. ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ ॥ ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ ॥ —ਬਿਲਾਵਲੁ ਮ: ੫ (੮੧੯/੧੦)

੪ ਆਪਣੇ ਪੁੱਤਰ ਕਾਮਬਖ਼ਸ਼ ਨੂੰ ਔਰੰਗਜ਼ੇਬ ਨੇ ਇਕ ਮੁਰਾਸਲਾ ਲਿਖਿਆ, ਜਿਸ ਵਿਚ ਹੇਠ ਲਿਖੀ ਇਬਾਰਤ ਉਸਦੀ ਮਾਨਸਿਕ ਦਸ਼ਾ ਨੂੰ ਪ੍ਰਤਿਬਿੰਬਤ ਕਰਦੀ ਹੈ :
"ਤਨਹਾ ਆਇਆ ਥਾ, ਅਬ ਐਮਾਲ ਕਾਫ਼ਲੇ ਕੇ ਸਾਥ ਜਾ ਰਹਾ ਹੂੰ। ਮੁਝੇ ਅਪਨਾ ਪਤਾ ਨਹੀਂ। ਗੁਨਾਹ ਬਹੁਤ ਕੀਏ ਹੈਂ। ਮਾਲੂਮ ਨਹੀਂ, ਕਿਸ ਸਜ਼ਾ ਮੇਂ ਗ੍ਰਿਫ਼ਤਾਰ ਹੂੰਗਾ।" ਇਹੋ ਵਾਕ ਉਸ ਦੀ ਮੌਤ ਪਿਛੋਂ ਔਰੰਗਾਬਾਦ ਵਿਚ ਉਸ ਦੀ ਕਬਰ ਤੇ ਲਿਖੇ ਗਏ।

੫. ਟੂਟੀ ਗਾਢਨਹਾਰ ਗੁਪਾਲ ॥ —ਗਉੜੀ ਮ: ੫ (੨੮੨/੧੦)



www.AKJ.Org

# ਸ਼ਕਤੀ ਸ਼ਬਦ ਦੀ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੇਂਟ, ਸੈਕਟਰ 14, ਰੋਹਣੀ, ਦਿੱਲੀ-85]

ਸ਼ਬਦ ਗੁਰੂ ਦਾ ਸਦਾ ਸਥਿਰ ਸਚਾ, ਹਰ ਥਾਂ ਤੇ ਕਰਦਾ ਪ੍ਰਕਾਸ਼ ਹੈ ਇਹ।
ਸਦਾ ਲੋਕ ਪਰਲੋਕ ਤੇ ਚਹੁੰ-ਕੁੰਟੀ, ਰੌਸ਼ਨ ਨਿਤ ਵਿਚ ਧਰਤ ਅਕਾਸ਼ ਹੈ ਇਹ।
ਸਦਾ ਸੱਚ ਤੇ ਸਤਿ ਸਰੂਪ ਹੈਗਾ, ਕਰਦਾ ਭਰਮ ਹਨੇਰੇ ਦਾ ਨਾਸ ਹੈ ਇਹ।
ਸੁਰਤ ਬੰਦੇ ਦੀ ਤੇ ਪ੍ਰਭੂ ਮਿਲਾਪ ਦੇ ਲਈ, ਮਿਠੀ ਗੂੰਜ ਤੇ ਸੁਚੀ ਰਾਸ ਹੈ ਇਹ।

ਸਚੇ ਸ਼ਬਦ ਦੇ ਬਿਨਾ ਨ ਲੱਭੇ ਮੁਕਤੀ, ਐਵੇਂ ਭੌਂ ਭੌਂ ਕੇ ਜ਼ਿੰਦਗੀ ਬਰਬਾਦ ਹੋਵੇ।
ਨਾਲ ਸ਼ਬਦ ਦੇ ਸੁਰਤ ਪਲੱਮਦੀ ਏ, ਲੂੰ ਲੂੰ ਵਿਚ ਖੇੜਾ ਵਿਸਮਾਦ ਹੋਵੇ।

ਆਤਮ ਰੱਸ ਦੀ ਪ੍ਰਾਪਤੀ ਸ਼ਬਦ ਰਾਹੀਂ ਦੁਬਿਧਾ ਨਾਸ ਤੇ ਦੁਖ ਕਾਫੂਰ ਹੋਵੇ।
ਸਤਿ ਸੰਤੋਖ ਉਚ ਆਦਰਸ਼ ਦ੍ਰਿੜ੍ਹਤਾ, ਬੁਧ ਨਿਰਮਲ ਤੇ ਜੀਵਨ ਠਰੂਰ ਹੋਵੇ।
ਸਾੜ ਸਕੇ ਨ ਅਗਨੀ ਕਦੇ ਇਹਨੂੰ, ਡੋਬੇ ਜਲ ਨ ਬੇਸ਼ਕ ਭਰਪੂਰ ਹੋਵੇ।
ਡਾਕੂ ਚੋਰ ਲੁਟੇਰੇ ਨ ਲੁਟ ਸਕਣ, ਸਾਦਕ ਸਿਖ ਲਈ ਮਿਠੜਾ ਬੂਰ ਹੋਵੇ।

ਇਹ ਅੱਮਰ, ਸਲਾਮਤ ਹੈ ਸਦਾ ਜੱਗ ਤੇ, ਇਹਦੇ ਨਾਲ ਅਗਿਆਨ ਦਾ ਨਾਸ ਹੋਵੇ।
ਹੋਵੇ ਨੇੜਤਾ ਪ੍ਰਭੂ ਦਿਆਲ ਜੀ ਦੀ, ਰੱਗ ਰੱਗ ਅੰਦਰ ਉਸਦਾ ਵਾਸ ਹੋਵੇ।

ਮੁਕਤੀ ਮਿਲਦੀ ਨਾ ਗੁਰੂ ਦੇ ਵੇਖਿਆਂ ਹੀ, ਬੇਸ਼ਕ ਢੁਕ ਕੇ ਸਾਰਾ ਸੰਸਾਰ ਆਵੇ।
ਅਮਲ ਬਾਝ ਨਾ ਅਸਲ ਦਾ ਮੇਲ ਹੋਵੇ, ਬਾਝ ਅਸਲ ਮਿਲਿਆਂ ਨਾ ਕਰਾਰ ਆਵੇ।
ਬਿਨਾਂ ਸ਼ਬਦ ਸਭ ਕੂੜ ਕਬਾੜ ਮਿਲਦੇ, ਬਿਨਾਂ ਸ਼ਬਦ ਨਾ ਗੁਰ ਵੀਚਾਰ ਆਵੇ।
ਜਦੋਂ ਤੀਕ ਨਹੀਂ ਸ਼ਬਦ ਚਿ ਸੁਰਤ ਜੁੜਦੀ, ਅੰਦਰ ਠੰਢ ਨਾ ਚੈਨ ਕਰਾਰ ਆਵੇ।

ਹਿਰਦੇ ਹਰ ਅੰਦਰ ਜੋਤ ਦਮਕਦੀ ਏ, ਮਗਰ ਇਸ ਲਈ ਅਗਵਾਈ ਦੀ ਲੋੜ ਡਾਢੀ।
ਗੁਰੂ ਕਹੇ ਸੁ ਕਰਣੀ ਕਾਰ ਓਹਾ, ਐਪਰ ਹੂੜ ਮਤਿ ਦੇ ਲਈ ਹੋੜ ਡਾਢੀ।

ਸ਼ਬਦ ਗੁਰੂ ਦਾ ਆਪਣਾ ਬੋਲ ਸੱਚਾ, ਹੋਰ ਕੁਝ ਵੀ ਨਾ ਇਸ ਸਮਾਨ ਹੈ ਵੇ।
ਸਦਾ ਸੱਚ ਤੇ ਹੈ ਵੇ ਪ੍ਰਕਾਸ਼ ਸੱਚ ਦਾ ਬਾਕੀ ਸਭ ਕੁਝ ਨਾਸਮਾਨ ਹੈ ਵੇ।
ਗੁਰੂ ਗਰੰਥ ਅੰਦਰ ਇਸਦਾ ਵਾਸ ਹੈ ਵੇ, ਸ਼ਬਦ ਸੁਖਾਂ ਦੀ ਸੁਚੀ ਖਾਣ ਹੈ ਵੇ।
ਪਸ਼ੂ ਪਰੇਤ ਤੋਂ ਦੇਵਤੇ ਸਦਾ ਕਰਦਾ, ਕਰਦਾ ਕੰਚਨ ਤੋਂ ਸੋਨ ਸਮਾਨ ਹੈ ਵੇ।

ਸਦਾ ਮਨ ਵਿਚ ਸ਼ਬਦ ਵਸਾ ਰਖੀਏ, ਐਥੇ ਉਥੇ ਉਹ ਸਦਾ ਸਹਾਈ ਹੋਵੇ।
ਉਹਦੀ ਚਮਕ ਨਹੀਂ ਕਦੇ ਵੀ ਮਿਟ ਸਕਦੀ, ਜੀਵਨ ਜੋਤ ਜਿਸ ਅੰਦਰ ਜਗਾਈ ਹੋਵੇ।

ਉਥੇ ਹਉਮੈ ਹੰਕਾਰ ਨ ਵਸ ਸਕਣ, ਜਿਤ ਹਿਰਦੇ 'ਚ ਸ਼ਬਦ ਦਾ ਵਾਸ ਹੋਵੇ।
ਮੈਲ ਰਸਮੀ ਕਰਮਾਂ ਦੀ ਲਗਦੀ ਨ, ਗੁਰੂ ਸ਼ਬਦ ਦਾ ਜਿਥੇ ਪ੍ਰਕਾਸ਼ ਹੋਵੇ।
ਗਿਆਨ ਸ਼ਬਦ ਦਾ ਜਿਨ੍ਹੇ ਵਸਾ ਲੀਤਾ, ਲਹਿਣੇ ਵਾਂਗ ਉਹ ਸਦਾ ਹੀ ਪਾਸ ਹੋਵੇ।
ਸ਼ਕਤੀ ਸ਼ਬਦ ਦੀ ਆਤਮਕ ਰੱਸ ਦੇਵੇ, ਅੰਦਰ ਆਤਮ-ਗਿਆਨ ਪ੍ਰਕਾਸ਼ ਹੋਵੇ।

ਸੁਰਤੀ ਸ਼ਬਦ ਵਿਚ ਜੁੜੀ ਹਮੇਸ਼ ਟਹਿਕੇ, ਸਦਾ ਮਾਣਦੀ ਮਿਠਾ ਸਰੂਰ ਰਵ੍ਹੇ।
'ਨੀਰ' ਦੂਰ ਹਨੇਰੇ ਅਗਿਆਨਤਾ ਦੇ, ਮਨ ਵਿਸ਼ੇ ਵਿਕਾਰਾਂ ਤੋਂ ਦੂਰ ਰਵ੍ਹੇ।



www.AKJ.Org

# ਸਭ ਦਾ ਸਾਂਝਾ ਗੁਰੂ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਸਢੌਰੇ ਪੀਰ ਬੁੱਧੂ ਸ਼ਾਹ ਦੇ ਡੇਰੇ, ਪੀਰ ਜੀ ਤੇ ਕੁਝ ਮੁਰੀਦ ਬੈਠੇ ਗੱਲਾਂ ਕਰ ਰਹੇ ਹਨ। ਗੱਲ ਬਾਤ ਦਾ ਮੁਹਾੜ ਦਰਿਆ ਜਮਨਾ ਕਢੇ ਪਾਉਂਟੇ ਦੀ ਜੂਹ ਵੱਲ ਹੋਇਆ ਅਤੇ ਥੋੜੇ ਚਿਰ ਤੋਂ ਉਥੇ ਆ ਟਿਕੇ ਗੁਰੂ ਗੋਬਿੰਦ ਸਿੰਘ ਜੀ ਦੀ ਗੱਲ ਛਿੜੀ—

ਇਨ੍ਹਾਂ ਦੇ ਬਜ਼ੁਰਗ ਗੁਰੂ ਨਾਨਕ ਵਲੀ ਅੱਲਾ ਹੋਏ ਹਨ, ਬੜੇ ਤੌਹੀਦ ਪ੍ਰਸਤ (ਇਕ ਰੱਬ ਦੇ ਮੰਨਣ ਵਾਲੇ) ਸਨ, ਸਾਰੀ ਮਖ਼ਲੂਕ ਨੂੰ ਖ਼ਲਕੇ ਖ਼ੁਦਾ ਜਾਣਦੇ ਸਨ. ਉਨ੍ਹਾਂ ਨੂੰ ਕਿਸੇ ਨਾਲ ਵਿਤਕਰਾ ਨਹੀਂ ਸੀ। ਹਿੰਦੂ ਮੁਸਲਮਾਨ ਸਭ ਨਾਲ ਇਕ ਜੈਸਾ ਪਿਆਰ ਕਰਦੇ ਸਨ। ਉਹ ਹਿੰਦੂਆਂ ਦੇ ਤੀਰਥਾਂ——ਹਰਦੁਆਰ ਗਇਆ,ਪੁਰੀ ਆਦਿ ਥਾਈਂ ਗਏ ਤਾਂ ਬਗਦਾਦ ਤੇ ਮੱਕੇ ਸ਼ਰੀਫ ਦਾ ਹੱਜ ਭੀ ਕੀਤਾ ਅਤੇ ਵਡੇ ਵਡੇ ਪੀਰਾਂ ਫ਼ਕੀਰਾਂ ਦੀਆਂ ਜ਼ਿਆਰਤ-ਗਾਹਾਂ ਤੇ ਭੀ ਗਏ। ਹਿੰਦੂ ਉਨ੍ਹਾਂ ਨੂੰ ਗੁਰੂ ਮੰਨਦੇ ਸਨ ਤਾਂ ਮੁਸਲਮਾਨ ਵੀ ਉਨ੍ਹਾਂ ਨੂੰ ਵਲੀ-ਅੱਲਾ ਜਾਣ ਕੇ ਉਨ੍ਹਾਂ ਦੀ ਸੁਹਬਤ ਕਰਦੇ ਸਨ। ਇਹ ਉਨ੍ਹਾਂ ਦ ਦਸਵੇਂ ਗਦੀ-ਨਸ਼ੀਨ ਹਨ। ਅਜੇ ਮਸ ਫੁਟਦੀ ੧੯-੨੦ ਸਾਲ ਦੇ ਨੌਜਵਾਨ ਹਨ। ਸੋਹਣੀ ਡੀਲ ਡੌਲ, ਲੰਮਾ ਪਤਲਾ ਪਰ ਕਮਾਇਆ ਹੋਇਆ ਸਰੀਰ, ਤਿਖੀ ਨੁਹਾਰ, ਚੇਹਰੇ ਤੇ ਖੇੜਾ ਤੇ ਅੱਖਾਂ ਤੇ ਕੋਈ ਨੂਰ ਵਸਦਾ ਹੈ। ਦਿਸਣ ਨੂੰ ਤਾਂ ਉਜਿਹੇ ਹੀ ਲਗਦੇ ਹਨ ਜਿਨ੍ਹਾਂ ਦੀ ਗਦੀ ਤੇ ਬੈਠੇ ਹਨ, ਪਰ ਘੋੜੇ ਦੀ ਸਵਾਰੀ ਕਰਦੇ ਹਨ, ਸ਼ਸਤਰਾਂ ਬਸਤਰਾਂ ਦੀ ਸਜਾਵਟ, ਸਿਰ ਤੇ ਕਲਗੀ, ਮਾਨੋ ਕੋਈ ਸ਼ਾਹਜ਼ਾਦਾ ਜੰਗਲ ਵਿਚ ਆ ਉਤਰਿਆ ਹੈ। ਸ਼ਿਕਾਰ ਖੇਡਦੇ ਹਨ ਤਾਂ ਸ਼ੇਰਾਂ ਚੀਤਿਆਂ ਤੇ ਰੋਝਾਂ ਦਾ। ਤੀਰ ਕਮਾਨ ਤਲਵਾਰ ਦੇ ਏਡੇ ਧਨੀ ਕਿ ਵਡੇ ਵਡੇ ਸੂਰਬੀਰ ਭੀ ਸਾਹਮਣੇ ਨਾ ਖਲੋ ਸਕਣ। ਕਹਿੰਦੇ ਹਨ, ਬੜੇ ਸ਼ਾਇਰ ਭੀ ਹਨ, ਅਤੇ ਮਾਰਫ਼ਤ ਦੀ ਕਲਾਮ ਕਰਦੇ ਹਨ। ਗੱਲ ਬਾਤ ਏਨੀ ਸੂਝ ਭਰੀ ਹੁੰਦੀ ਹੈ ਕਿ ਬੜੇ ਬੜੇ ਆਲਮਾਂ ਨੂੰ ਭੀ ਉਨ੍ਹਾਂ ਸਾਹਮਣੇ ਬੋਲਣ ਦਾ ਹੌਸਲਾ ਨਹੀਂ ਪੈਂਦਾ। ਸਵੇਰੇ ਸ਼ਾਮ ਸੰਗਤ ਵਿਚ ਆਪਣੇ ਬਜ਼ੁਰਗਾਂ ਦੀ ਕਲਾਮ ਨੂੰ ਗਾਉਂਦਿਆਂ ਸੁਣਦੇ ਅਤੇ ਮਾਰਫ਼ਤ ਦਾ ਉਪਦੇਸ਼ ਦੇਂਦੇ ਹਨ।

ਪੀਰ ਜੀ ਤੇ ਮੁਰੀਦਾਂ ਵਿਚਾਲੇ ਇਸ ਤਰ੍ਹਾਂ ਕਿੰਨੀ ਦੇਰ ਗੱਲ ਬਾਤ ਚਲਦੀ ਰਹੀ। ਪੀਰ ਜੀ ਕਹਿਣ ਲਗੇ, ਸੁਣਿਆ ਹੈ ਜਦ ਤੋਂ ਬਾਦਸ਼ਾਹ ਔਰੰਗਜ਼ਬ ਨੇ ਇਨ੍ਹਾਂ ਦੇ ਵਾਲਦ (ਪਿਤਾ) ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਬੁਲਵਾ ਕ ਦੀਨ ਇਸਲਾਮ ਨਾ ਕਬੂਲਣ ਪਿਛੇ ਕਤਲ ਕਰ ਦਿਤਾ ਤੇ ਵੈਸੇ ਭੀ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਨਾਉਣ ਦੀ ਮੁਹਿੰਮ ਸ਼ੁਰੂ ਕੀਤੀ ਓਦੋਂ ਤੋਂ ਇਹ ਮੁਸਲਮਾਨਾਂ ਵਲੋਂ ਕੁਝ ਮੁਤਨੱਫ਼ਰ ਜਿਹੇ ਹੋ ਗਏ ਹਨ ਅਤੇ ਮੁਸਲਮਾਨਾਂ ਨੂੰ ਸਮੁਚੇ ਤੌਰ ਤੇ ਹਛਾ ਨਹੀਂ ਜਾਣਦੇ। ਦਿਲ ਚਾਹੁੰਦਾ ਏ ਕਿ ਇਕ ਵੇਰ ਉਨ੍ਹਾਂ ਪਾਸ ਚਲੀਏ, ਉਨ੍ਹਾਂ ਦੇ ਖ਼ਿਆਲ ਸੁਣੀਏ ਤੇ ਪਤਾ ਕਰੀਏ ਕਿ ਕੀ ਜਿਸ ਵਲੀ ਅੱਲਾ ਗੁਰੂ ਨਾਨਕ ਦੇ ਉਹ ਜਾ-ਨਸ਼ੀਨ ਹਨ, ਵੈਸੇ ਸਾਹਿਬ ਕਰਾਮਾਤ ਭੀ ਹਨ ? ਮੁਰੀਦਾਂ ਨੇ ਭੀ ਪੀਰ ਜੀ ਦੇ ਇਸ ਵਿਚਾਰ ਨਾਲ ਸੰਮਤੀ ਪ੍ਰਗਟ ਕੀਤੀ ਤੇ ਫ਼ੈਸਲਾ ਹੋਇਆ ਕਿ ਕੁਝ ਕੁ ਮੁਰੀਦਾਂ ਸਮੇਤ ਪਾਉਂਟੇ ਗੁਰੂ ਜੀ ਪਾਸ ਜਾਇਆ ਜਾਏ। ਸੋ, ਦਿਨ ਮਿਥਿਆ ਗਿਆ ਤੇ ਉਸ ਦਿਨ ਪੀਰ ਜੀ ਅਤੇ ਉਨ੍ਹਾਂ ਦੇ ਕੁਝ ਮੁਰੀਦ ਪਾਉਟੇ ਜਾ ਪੁਜੇ।

ਸੰਗਤਾਂ ਦੀਵਾਨ ਵਿਚ ਸਜ ਰਹੀਆਂ ਸਨ, ਗੁਰੂ ਜੀ ਜ਼ਰਾ ਉਚੇ ਅਸਥਾਨ ਤੇ ਬੈਠੇ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਕਿ ਪੀਰ ਜੀ ਤੇ ਉਨ੍ਹਾਂ ਦੇ ਸਾਥੀ ਭੀ ਪਹੁੰਚ ਗਏ।

ਪੀਰ ਨੇ ਗੁਰੂ ਜੀ ਦਾ ਦੀਦਾਰ ਪ੍ਰਾਇਆ ਤਾਂ ਹਿਰਦੇ ਅੰਦਰ ਕੁਝ ਠੰਢ ਤੇ ਰਸ ਜਿਹਾ ਪ੍ਰਤੀਤ ਹੋਇਆ। ਸਿਰ ਆਪ ਦੇ ਚਰਨ ਪਰਸਨ ਲਈ ਝੁਕਦਾ ਸੀ, ਪਰੰਤੂ ਹਿਰਦੇ ਵਿਚੋਂ ਆਵਾਜ਼ ਆਈ ਕਿ ਜੇ ਮੈਂ ਗੁਰੂ ਜੀ ਦੇ ਸਾਹਮਣੇ ਸਿਜਦਾ ਕੀਤਾ ਤਾਂ ਮੁਰੀਦ ਕੀ ਕਹਿਣਗੇ। ਹਜ਼ਾਰਾਂ ਮੁਰੀਦਾਂ ਦਾ ਸਿਦਕ ਡੋਲ ਜਾਵੇਗਾ ਕਿ ਏਡਾ ਪੀਰ ਹੋ ਕੇ ਇਸ ਨੇ ਇਕ ਗ਼ੈਰ ਮੋਮਨ ਦੇ ਅੱਗੇ ਸਿਜਦਾ ਕੀਤਾ ਹੈ, ਇਸ ਖ਼ਿਆਲ ਨੇ ਪੀਰ ਨੂੰ ਗੁਰੂ ਜੀ ਦੇ ਸਾਹਮਣੇ



www.AKJ.Org

ਸਿਰ ਨਿਵਾਉਣ ਤੋਂ ਰੋਕੀ ਰਖਿਆ ਅਤੇ ਪੀਰ ਜੀ ਅਗੇ ਵਧਦੇ ਹੋਏ ਗੁਰੂ ਜੀ ਪਾਸ ਪੁਜ ਗਏ । ਪੀਰ ਦੇ ਚੇਹਰੇ ਨੂੰ ਗੁਰੂ ਜੀ ਨੇ ਪੜ੍ਹਿਆ, ਮੁਸਕ੍ਰਾਏ, ਹੱਥ ਵਧਾਂਦੇ ਹੋਏ ਪੀਰ ਨੂੰ ਆਪਣੇ ਪਾਸ ਬਿਠਾਲ ਲਿਆ । ਮੁਰੀਦ ਭੀ ਆਲੇ ਦੁਆਲੇ ਬੈਠ ਗਏ ਅਤੇ ਆਪੋ ਵਿਚ ਦੀ ਕੁਸ਼ਲ ਅਨੰਦ ਪੁਛੇ ਜਾਣ ਪਿਛੋਂ ਇਸ ਤਰ੍ਹਾਂ ਦੀ ਗੱਲ ਬਾਤ ਸ਼ੁਰੂ ਹੋਈ।

ਪੀਰ :—ਆਪ ਦੇ ਬਜ਼ੁਰਗ ਗੁਰੂ ਨਾਨਕ ਵਲੀ ਅੱਲਾ ਸਨ, ਆਪ ਉਨ੍ਹਾਂ ਦੇ ਜਾ-ਨਸ਼ੀਨ ਹੋ, ਆਪ ਤੋਂ ਕੁਝ ਲੈਣ ਆਇਆ ਹਾਂ ।

ਗੁਰੂ ਜੀ–ਪੀਰ ਜੀ, ਭਰੇ ਭਾਂਡੇ ਭੀ ਕਦੇ ਭਰੇ ਹਨ, ਹਮੇਸ਼ਾ ਜੋ ਖ਼ਾਲੀ ਹੋਵੇ ਓਹੋ ਭਰੀਦਾ ਹੈ ।

ਪੀਰ ਗੁਰੂ ਜੀ ਦੀ ਗੱਲ ਦੀ ਤਹਿ ਤੋੜੀ ਨ ਪੁਜ ਸਕਿਆ ਅਤੇ ਖੁਲ੍ਹ ਕੇ ਸਮਝਾਉਣ ਲਈ ਕਹਿਓ ਸੂ ।

ਗੁਰੂ ਜੀ ਬੋਲੇ, ਪੀਰ ਜੀ, ਜਦੋਂ ਕੋਈ ਕਿਸੇ ਪਾਸੋਂ ਕੁਝ ਲੈਣ ਜਾਂਦਾ ਹੈ ਤਾਂ ਜੋ ਪਦਾਰਥ ਜਾਂ ਵਸਤੂ ਲੈਣੀ ਹੋਵੇ ਉਸ ਲਈ ਕੋਈ ਖ਼ਾਲੀ ਭਾਂਡਾ ਜਾਂ ਝੋਲੀ ਲੈ ਕੇ ਜਾਂਦਾ ਹੈ, ਪ੍ਰੰਤੂ ਜ ਉਸ ਦਾ ਉਹ ਭਾਂਡਾ ਜਿਸ ਵਿਚ ਹੋਰ ਵਸਤੂ ਪਾਉਣੀ ਹੈ, ਪਹਿਲੋਂ ਹੀ ਭਰਿਆ ਹੋਵੇ ਤਾਂ ਉਹ ਵਸਤੂ ਕਿਥੇ ਪਾਵੇਗਾ :

ਵਸਤੂ ਅੰਦਰਿ ਵਸਤੁ ਸਮਾਵੈ, ਦੂਜੀ ਹੋਵੈ ਪਾਸਿ॥੩॥੨੨॥ ਪਾਸਿ—ਪਾਸੇ, ਵੱਖ] [ਆਸਾ ਦੀ ਵਾਰ ਤੁਸੀਂ ਹੋ ਭਰੇ ਹੋਏ, ਤੁਹਾਡੇ ਅੰਦਰ ਹੋਰ ਸਮਾਉਣ ਨੂੰ ਥਾਂ ਨਹੀਂ, ਜੇ ਕੁਝ ਲੈਣਾ ਹੈ ਤਾਂ ਖ਼ਾਲੀ ਕਰੋ ਆਪਣਾ ਆਪ, ਤਾਂਕਿ ਇਸ ਵਿਚ ਕੋਈ ਹੋਰ ਵਸਤੂ ਪੈ ਸਕੇ ।

ਪੀਰ : ਡੂੰਘੀਆਂ ਰਮਜ਼ਾਂ ਹਨ ।

ਗੁਰੂ ਜੀ : ਜਿਥੇ ਪੀਰੀ ਮੁਰੀਦੀ ਸਮਾਈ ਹੋਵੇ, ਉਥੇ ਹੋਰ ਕੁਝ ਕਿੰਜ ਪਵੇ ?

ਪੀਰ ਦੇ ਕਿਵਾੜ ਖੁਲ੍ਹੇ ਤੇ ਗੁਰੂ ਜੀ ਦੇ ਸ਼ਬਦ ਉਸ ਦੇ ਅੰਦਰ ਧਸ ਗਏ । ਗੁਰੂ ਜੀ ਬੋਲਦੇ ਗਏ : ਪੀਰ ਜੀ, ਜਿਥੇ ਹੰਗਤਾ ਦਾ ਅਹਿਸਾਸ ਹੈ ਉਥੇ ਹੋਰ ਲਈ ਥਾਂ ਨਹੀਂ ਹੁੰਦੀ । ਗੁਰੂ ਬਾਬਾ ਜੀ ਫ਼ੁਰਮਾ ਗਏ ਹਨ :

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥੧॥੯॥ (ਪੰਨਾ ੫੯੦)

ਜਦੋਂ ਅੰਦਰ 'ਮੈਂ ਮੇਰਾ' ਦਾ ਜ਼ੋਰ ਹੋਵੇ ਤਾਂ ਬਾਹਰੋਂ ਕਿਸੇ ਨੂੰ ਅੰਦਰ ਦਾਖ਼ਲ ਹੋਣ ਦਾ ਹੌਸਲਾ ਹੀ ਕਿਸ ਤਰ੍ਹਾਂ ਹੋ ਸਕਦਾ ਹੈ ! ਤੁਸੀਂ ਠਹਿਰੇ ਪੀਰ, ਜਿਨ੍ਹਾਂ ਦੇ ਹਜ਼ਾਰਾਂ ਮੁਰੀਦ ਹਨ । ਤੁਸੀਂ ਹਮੇਸ਼ਾ ਕੁਝ ਦੇਂਦੇ ਹੀ ਰਹੇ, ਲੈਣ ਦੇ ਤਾਂ ਕਦੀ ਰਾਹੇ ਨ ਪਏ । ਲੈਣਾ ਤੁਹਾਨੂੰ ਕਿੰਜ ਆਵੇ ?

ਤੁਸੀਂ ਕਹਿੰਦੇ ਹੋ, ਕੁਝ ਲੈਣ ਆਏ ਹਾਂ । ਲੈਣ ਆਇਆ ਸੀ ਬਾਬਾ ਲਹਿਣਾ ਗੁਰੂ ਨਾਨਕ ਪਾਸੋਂ । ਜਦੋਂ ਗੁਰੂ ਨਾਨਕ ਨੂੰ ਦਸਿਓ ਸੂ ਕਿ 'ਮੈਂ ਲਹਿਣਾ', ਤਾਂ ਸਹਜ ਸੁਭਾ ਗੁਰੂ ਨਾਨਕ ਦੇ ਮੂੰਹੋਂ ਨਿਕਲਿਆ 'ਹਛਾ ਪੁਰਖਾ, ਜੇ ਤੂੰ ਲਹਿਣਾ ਤਾਂ ਅਸਾਂ ਦੇਣਾ । ਬਾਬੇ ਲਹਿਣੇ ਨੇ ਝੋਲੀ ਅਡੀ, ਜੋ ਗੁਰੂ ਨਾਨਕ ਨੇ ਭਰ ਦਿਤੀ । ਅਜਿਹੀ ਭਰੀ ਕਿ ਲਹਿਣੇ ਨੂੰ ਨਾਨਕ ਕਰ ਦਿਤਾ । ਇਹ ਸੀ ਲੈਣ ਵਾਲਿਆਂ ਦੀ ਗੱਲ । ਲੈਣ ਲਈ ਕੁਝ ਹਥੋਂ ਛਡਣਾ ਪੈਂਦਾ ਹੈ, ਕਦੇ ਡਿਠਾ ਜੇ ਕਿ ਸਾਧਾਰਨ ਤਕੜੀ ਤੋਲਣ ਵਾਲਾ ਭੀ ਕੁਝ ਲੈ ਲੈਂਦਾ ਹੈ ਤਾਂ ਕੁਝ ਦੇਂਦਾ ਹੈ। ਤੁਸੀਂ, ਕੁਝ ਲੈਣ ਆਏ ਸੀ ਏਸ ਦੇ ਵਟੇ ਦੇਣ ਨੂੰ ਕੀ ਲਿਆਏ ਹੋ ? ਜੇ ਕੁਝ ਹਥੋਂ ਛਡੋਗੇ ਤਾਂ ਹੀ ਤੁਹਾਡੀ ਝੋਲੀ ਭਰੀਵੇਗੀ। ਤੁਸੀਂ ਭਰਪੂਰ ਹੋ ਪੀਰੀ ਦੀ ਖ਼ੁਦੀ ਨਾਲ, ਛਡੋ ਇਸ ਖ਼ੁਦੀ ਨੂੰ। ਬਦਲੋ 'ਮੈਂ ਮੇਰਾ' ਨੂੰ 'ਤੂੰ ਤੇਰਾ' ਵਿਚ। ਜਿਨ੍ਹਾਂ ਨੇ 'ਮੈਂ' ਨੂੰ ਛਡ ਕੇ 'ਤੂੰ' ਨੂੰ ਆਪਣਾ ਕਰ ਲਿਆ ਉਹ 'ਤੂੰ' ਹੀ ਹੋ ਗਏ, ਇਸ ਲਈ ਪੀਰ ਜੀ ਤਿਆਗੋ ਇਸ 'ਮੈਂ' ਨੂੰ ਅਤੇ ਹੋ ਜਾਓ ਉਸ ਦੇ, ਜਿਸ ਦਾ ਹੈ ਸਭ ਕੋਈ। ਪਰ ਸਮਝਦਾ ਨਹੀਂ ਕੋਈ ਭੀ ਇਸ ਰਾਜ਼ ਨੂੰ, ਇਸ ਲਈ ਸਭ ਕੋਈ ਦੁਖੀ ਨਜ਼ਰ ਆਉਂਦਾ ਹੈ ।

ਪੀਰ : ਹਜ਼ੂਰ, ਆਪ ਜੋ ਕਹਿੰਦੇ ਹੋ, ਠੀਕ ਹੈ ਪਰੰਤੂ ਮੈਂ ਮੇਰਾ ਤੋਂ ਬਿਨਾਂ ਇਸ ਸੰਸਾਰ ਅੰਦਰ ਗੁਜ਼ਰ ਭੀ ਨਹੀਂ । ਇਹ ਦੁਨੀਆ ਹੀ ਨਹੀਂ ਬਲਕਿ ਖ਼ੁਦਾ ਦੀ ਦਰਗਾਹ ਅੰਦਰ ਇਸ ਅਹਿਸਾਸ ਲਈ ਥਾਂ ਹੈ। 'ਮੈਂ' ਹੈ ਤਾਂ ਅਲਾ ਤਾਲਾ ਨਾਲੋਂ ਵਖਰੇ ਹੋਣ ਅਥਵਾ ਉਸ ਦੀ ਜੁਦਾਈ ਦਾ ਅਹਿਸਾਸ ਹੈ ਅਤੇ ਜੇ ਜੁਦਾਈ ਹੈ ਤਾਂ ਵਸਲ (ਮੇਲ) ਦੀ ਖਿਚ ਹੈ । ਇਹ ਖਿਚ ਹੀ ਉਸ ਨਾਲ ਇਕ ਜੁਜ਼ (ਅਭੇਦ) ਹੋ ਜਾਣ ਦਾ ਸਾਧਨ ਹੈ ।



www.AKJ.Org

ਗੁਰੂ ਜੀ : ਤੁਸੀਂ ਠੀਕ ਕਹਿੰਦੇ ਹੋ ਕਿ 'ਮੈਂ' ਬਗ਼ੈਰ ਗੁਜ਼ਰ ਨਹੀਂ, ਪਰ ਉਸ 'ਮੈਂ' ਵਿਚ 'ਮੈਂ' ਦੀ ਪਕੜ ਨਹੀਂ ਹੁੰਦੀ। ਇਸੇ ਬਾਬਤ ਬਾਬਾ ਜੀ ਨੇ ਕਿਹਾ ਸੀ 'ਹਉਮੈ ਏਹੋ ਹੁਕਮੁ ਹੈ'। ਪ੍ਰਭੂ ਨੇ ਅਣਗਿਣਤ ਆਤਮਾਵਾਂ ਦੀ ਸਿਰਜਨਾ ਕੀਤੀ ਅਤੇ ਹਰ ਆਤਮਾ ਦੀ ਵਖਰੀ ਵਖਰੀ ਹੋਂਦ ਦੇ ਨਾਲ ਵਖੋ ਵਖ ਅਪਣੱਤ ਲਗਾਈ, ਤਾਂਕਿ ਹਰ ਹੋਂਦ ਆਪਣੀ ਆਪਣੀ ਉਸਾਰੀ ਲਈ ਆਪ ਜ਼ਿਮੇਵਾਰ ਹੋਵੇ ਅਤੇ ਅਪਣੀ ਵਖਰੀ ਹੋਂਦ ਦਾ ਅਹਿਸਾਸ ਇਸ ਨੂੰ ਹਮੇਸ਼ਾ ਟੁੰਬਦਾ ਰਹੇ ਕਿ ਇਸ ਨੇ ਉਪਰ ਉਠਣਾ ਅਤੇ ਪ੍ਰਭੂ ਨਾਲ ਅਭੇਦ ਹੋਣਾ ਹੈ, ਜਿਸ ਅਭੇਦਤਾ ਨੂੰ ਹਰ ਹੋਂਦ ਨੇ ਨਿਜੀ ਜਤਨਾਂ ਨਾਲ ਪ੍ਰਾਪਤ ਕਰਨਾ ਹੈ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥੨॥੭॥ [ਆਸਾ ਦੀ ਵਾਰ

ਪ੍ਰੰਤੂ ਇਹੋ ਹਉਮੈ ਅਥਵਾ ਇਸ ਦਾ ਵਖਰੀ ਹੋਂਦ ਦਾ ਅਹਿਸਾਸ ਇਸ ਦੇ ਵਾਸਤੇ ਬੰਧਨ ਬਣ ਕੇ ਦੁਖਦਾਈ ਹੋ ਜਾਦਾ ਹੈ, ਜਦੋਂ ਇਸ ਦੇ ਅੰਦਰ 'ਮੈਂ' ਦੀ ਪਕੜ ਆ ਜਾਵੇ, ਜਦੋਂ ਇਹ ਆਪਣੀ ਅਪਣੱਤ ਨੂੰ ਪ੍ਰਭੂ ਵਿਚ ਅਭੇਦ ਕਰਨ ਦੀ ਬਜਾਏ ਇਸਨੂੰ ਮਜ਼ਬੂਤ ਕਰਨ ਵੱਲ ਲਗ ਜਾਵੇ, ਅਥਵਾ, ਆਪਣੇ ਸਿਰਜਨਹਾਰ ਪ੍ਰਭੂ ਦੇ ਮੁਕਾਬਲੇ ਵਿਚ ਵਖਰੀ ਹੋਂਦ ਦੀ ਦ੍ਰਿੜ੍ਹਤਾ ਆਪਣੇ ਅੰਦਰ ਲੈ ਲਵੇ।

ਜੇਕਰ ਵਖਰੀ ਹੋਂਦ ਅਤੇ ਇਸ ਵਿਚ ਪਾਈ ਅਪਣੱਤ ਦਾ ਅਹਿਸਾਸ ਨਹੀਂ ਹੋਵੇਗਾ ਤਾਂ ਜੁਦਾਈ ਕਿੰਜ ਪ੍ਰਾਪਤ ਹੋਵੇਗੀ ਅਤੇ ਵਸਲ ਦਾ ਸਾਧਨ ਕੌਣ ਕਰੇਗਾ ? ਇਸ ਲਈ ਇਸ ਦੀ ਅਪਣੱਤ ਦਾ ਹੋਣਾ ਤਾਂ ਜ਼ਰੂਰੀ ਹੈ, ਪ੍ਰੰਤੂ ਇਹ ਅਪਣੱਤ ਇਸ ਦੀ 'ਮੈਂ' ਨੂੰ ਨਾ ਪਾਲੇ, ਸਗੋਂ ਮੈਂ ਜਗਾਵੇ 'ਤੂੰ' ਦੀ ਅਨੁਭਵਤਾ ਨੂੰ, ਅਤੇ ਇਹ ਆਪਣੀ ਖ਼ੁਦੀ (ਮੈਂ) ਨੂੰ ਮਾਰਦਾ ਹੋਇਆ, 'ਮੈਂ' ਨੂੰ 'ਤੂੰ' ਵਿਚ ਸਮਾ ਲਵੇ। ਬਜ਼ੁਰਗ ਬਾਬਾ ਗੁਰੂ ਜੀ ਨੇ ਕਿਹਾ ਸੀ :

ਹਮ ਓਇ ਮਿਲਿ ਹੋਏ ਇਕ ਰੰਗਾ ॥੪॥੮੭॥ [ਪੰਨਾ ੩੯੧

ਹੁਣ ਪੀਰ ਬੁੱਧੂ ਸ਼ਾਹ ਕਿਸੇ ਸੁਆਦ ਅੰਦਰ ਲੀਨ ਹੁੰਦਾ ਜਾ ਰਿਹਾ ਸੀ ਅਤੇ ਇਸ ਸੁਆਦ ਵਿਚ ਉਹ ਭੁਲ ਰਿਹਾ ਸੀ ਆਪਣੀ ਪੀਰੀ ਦੇ ਠਾਠ ਨੂੰ, ਪੀਰੀ ਦੀ ਖ਼ੁਦੀ ਕੁਰਬਾਨ ਹੋ ਰਹੀ ਸੀ ਚੋਜੀ ਗੁਰੂ ਦੀ ਚਰਨ-ਧੂੜ ਤੋਂ, ਪਰ ਅੰਦਰੋਂ ਆਵਾਜ਼ ਆਉਂਦੀ ਸੀ : 'ਮੈਂ ਮੁਸਲਮਾਨ ਹਾਂ, ਮੇਰੇ ਭਾਈਆਂ ਦੇ ਇਸ ਦੇਸ਼ ਅੰਦਰ ਢਾਏ ਜ਼ੁਲਮਾਂ ਦਾ ਭਾਰ ਗੁਰੂ ਜੀ ਦੇ ਮਨ ਤੇ ਹੈ, ਇਹ ਮੈਨੂੰ ਮੁਸਲਮਾਨ ਨੂੰ ਕਿਵੇਂ ਕਬੂਲ ਸਕਦੇ ਹਨ, ਮੇਰੇ ਭਰਾਵਾਂ ਦੀਆਂ ਕਰਣੀਆਂ ਨੇ ਇਨ੍ਹਾਂ ਦਾ ਮਨ ਸਾਡੇ ਵਲੋਂ ਖੱਟਾ ਕਰ ਦਿਤਾ ਹੋਇਆ ਹੈ। ਜੀਅ ਚਾਹੁੰਦਾ ਏ, ਇਨ੍ਹਾਂ ਦਾ ਕੁਰਬ (ਨੇੜ) ਹਾਸਲ ਕਰਾਂ, ਪਰ ਡਰ ਲਗਦਾ ਏ ਮੁਸਲਮਾਨ ਨੂੰ ਇਹ ਨੇੜੇ ਨਹੀਂ ਆਉਣ ਦੇਣਗੇ, ਉਨ੍ਹਾਂ ਲਈ ਇਹਨਾਂ ਦੇ ਮਨ ਅੰਦਰ ਨਫ਼ਰਤ ਹੈ। ਪਰ ਇਨ੍ਹਾਂ ਦਾ ਕੀ ਦੋਸ਼, ਕਸੂਰ ਤਾਂ ਸਾਡਾ ਹੀ ਹੈ ਜਿਨ੍ਹਾਂ ਨੇ ਇਨਸਾਨ ਨੂੰ ਹਿੰਦੂ ਮੁਸਲਮਾਨ ਹੋਣ ਦੀ ਕਸਵਟੀ ਤੇ ਪਰਖਿਆ, ਇਨ੍ਹਾਂ ਦਾ ਮਨ ਭੀ ਚਿੜ੍ਹ ਗਿਆ। ਇਉਂ ਸੋਚਦਾ ਹੋਇਆ ਪੀਰ ਬੁੱਧੂ ਸ਼ਾਹ ਬੋਲਿਆ, ਪਰ ਹਜ਼ੂਰ, ਭਲਾ ਜੇ ਮੇਰੀ 'ਮੈਂ' ਮੈਥੋਂ ਛੁਟ ਭੀ ਜਾਏ ਤਾਂ ਮੇਰੀ ਮੁਸਲਮਾਨੀ ਤਾਂ ਮੈਥੋਂ ਨਹੀਂ ਜਾ ਸਕਦੀ, ਆਪ ਦੀ ਨਜ਼ਰ ਵਿਚ ਤਾਂ ਮੈਂ ਮੁਸਲਮਾਨ ਹੀ ਰਹਾਂਗਾ, ਆਪ ਮੈਨੂੰ ਕਿੰਜ ਚੰਗਾ ਸਮਝੋਗੇ ?

ਗੁਰੂ ਜੀ : ਪੀਰ ਜੀ, ਤਦ 'ਮੈਂ' ਦਾ ਅਹਿਸਾਸ ਤਾਂ ਉਥੇ ਹੀ ਰਿਹਾ, ਇਹ ਭੀ ਤਾਂ ਇਕ ਝੂਠੀ ਹਉਮੈ ਹੀ ਹੈ ਨਾ, ਕਿ 'ਮੈਂ ਮੁਸਲਮਾਨ ਹਾਂ'। ਕੀ ਹੋਰ ਲੋਕ, ਜੋ ਮੁਸਲਮਾਨ ਨਹੀਂ, ਇਨਸਾਨ ਨਹੀਂ ਹਨ ? ਇਹ ਕਿੰਨੀ ਵਡੀ ਹਉਮੈ ਹੈ ਕਿ ਤੁਸੀਂ ਕੇਵਲ ਮੁਸਲਮਾਨ ਨੂੰ ਹੀ ਮਨੁਖ ਹੋਣ ਦੀ ਵਡਿਆਈ ਦੇਂਦੇ ਹੋ ਤੇ ਦੂਜਿਆਂ ਨੂੰ ਆਪ ਤੋਂ ਹੀਣਾ ਜਾਣਦੇ ਹੋ ? ਕੀ ਉਹ ਉਸੇ ਖ਼ੁਦਾ ਦੇ ਪੈਦਾ ਕੀਤੇ ਹੋਏ ਨਹੀਂ ਜਿਸ ਨੇ ਤੁਹਾਨੂੰ ਪੈਦਾ ਕੀਤਾ ਹੈ ? ਇਨਸਾਨ ਸਭ ਇਕ ਹਨ, ਭਾਵੇਂ ਕੋਈ ਕਿਸੇ ਦੇਸ ਧਰਮ ਜਾਂ ਪੱਖ ਦਾ ਕਿਉਂ ਨਾ ਹੋਵੇ।

ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ, ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ, ਸਬੈ ਏਕੈ ਜੋਤ ਜਾਨਬੋ ॥੧੫॥੮੫॥


www.AKJ.Org

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ॥
ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ, ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਸੁਭਾਉ ਹੈ ॥
ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ, ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ, ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ ॥੧੬॥੮੬॥

[ਅਕਾਲ ਉਸਤਤਿ

ਪੀਰ ਜੀ, ਰੱਬ ਇਕ ਹੈ, ਰੱਬ ਦੀ ਪੈਦਾ ਕੀਤੀ ਲੁਕਾਈ ਭੀ ਇਕ ਹੈ, ਇਸ ਵਿਚ ਕੋਈ ਭਿੰਨ-ਭੇਦ ਨਹੀਂ। ਸਭ ਮਨੁਖ ਭਾਵੇਂ ਕੋਈ ਕਿਸੇ ਦੇਸ, ਕੌਮ ਜਾਂ ਸ਼ਰੇਣੀ ਦਾ ਕਿਉਂ ਨਾ ਹੋਵੇ, ਇਕੋ ਤੱਤਾਂ ਤੋਂ ਬਣੇ ਹੋਏ ਹਨ ਅਤੇ ਸਾਰਿਆਂ ਦੇ ਸਰੀਰਾਂ, ਅੱਖਾਂ, ਕੰਨਾਂ ਆਦਿਕ ਦੀ ਇਕੋ ਜਿਹੀ ਬਨਾਵਟ ਹੈ, ਇਸ ਲਈ ਸਭ ਨੂੰ ਇਕ-ਸਮਾਨ ਜਾਨਣਾ ਚਾਹੀਦਾ ਹੈ, ਕਿਸੇ ਨਾਲ ਹਿੰਦੂ ਮੁਸਲਮਾਨ ਆਦਿ ਮਜ਼ਹਬੀ ਫ਼ਰਕ ਕਾਰਨ ਵਿਤਕਰਾ ਕਰਨਾ ਵਾਜਬ ਨਹੀਂ। ਸਾਡੇ ਬਜ਼ੁਰਗ ਬਾਬਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥ (ਪੰਨਾ ੮੮੫)

ਪ੍ਰਭੂ ਮਾਲਕ ਦੇ ਹੁਕਮ ਦੀ ਪਛਾਣ ਹੀ ਅਸਲ ਰਸਤਾ ਹੈ ਉਸ ਨੂੰ ਜਾਨਣ ਦਾ। ਉਸ ਦੀ ਪਛਾਣ ਨਹੀਂ ਆਈ ਤਾਂ ਭਾਵੇਂ ਕੋਈ ਹਿੰਦੂ ਹੈ ਜਾਂ ਮੁਸਲਮਾਨ, ਕੋਈ ਬਹਿਸ਼ਤ ਦਾ ਢੂੰਡਾਊ ਹੈ ਜਾਂ ਸਵਰਗ ਦਾ, ਸਭ ਵਿਅਰਥ ਤੇ ਫ਼ਜ਼ੂਲ ਹੈ। ਪ੍ਰਭੂ ਵਲੋਂ ਜੋ ਵਰਤਦਾ ਜਾਂ ਵਰਤ ਰਿਹਾ ਹੈ, ਇਹ ਉਸ ਦਾ ਹੁਕਮ ਹੈ, ਇਹ ਉਸ ਦੀ ਮਰਜ਼ੀ ਅਨੁਸਾਰ ਹੈ। ਇਸ ਉਤੇ ਕਿੰਤੂ ਨ ਕਰਨਾ ਅਤੇ ਉਸ ਦੀ ਰਜ਼ਾ ਜਾਣ ਕੇ ਇਸ ਨੂੰ ਖ਼ੁਸ਼ੀ ਖ਼ੁਸ਼ੀ ਸਵੀਕਾਰ ਕਰਨਾ, ਇਹੋ ਉਸ ਦਾ ਹੁਕਮ ਪਛਾਨਣਾ ਹੈ। ਪ੍ਰੰਤੂ ਇਹ ਪਛਾਣ ਓਦੋਂ ਆਉਂਦੀ ਹੈ ਜਦੋਂ ਮਨੁਖ ਹਰ ਵਰਤੀ ਗੱਲ ਬਾਰੇ ਇਹ ਨਾ ਸੋਚੇ ਕਿ ਇਹ ਮੇਰਾ ਕੰਮ ਸੀ ਜਾਂ ਮੈਂ ਕੀਤਾ ਹੈ ਸਗੋਂ ਇਹ ਸਮਝੇ ਕਿ ਇਹ ਮੇਰੇ ਮਾਲਕ ਦਾ ਕੰਮ ਸੀ, ਉਸ ਨੂੰ ਇਉਂ ਕਰਨਾ ਭਾਇਆ ਹੈ ਤੇ ਉਸ ਨੇ ਇਉਂ ਕੀਤਾ ਹੈ। ਇਸ ਲਈ ਇਹ ਠੀਕ ਹੈ :

ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥੮॥੧੪॥ [ਪੰਨਾ ੨੮੨

ਜੋ ਲੋਕ ਆਪਣੇ ਆਪ ਨੂੰ ਇਸ ਤਰ੍ਹਾਂ ਮਾਲਕ ਦੀ ਮਰਜ਼ੀ ਤੇ ਸੁਟ ਦੇਂਦੇ ਹਨ, ਉਨ੍ਹਾਂ ਨੂੰ ਹਰ ਕੰਮ, ਹਰ ਥਾਂ ਅਤੇ ਹਰ ਚੀਜ਼ ਅੰਦਰ ਉਸਦਾ ਜਲਵਾ ਜਾਂ ਪ੍ਰਕਾਸ਼ ਦਿਸਦਾ ਹੈ। ਉਨ੍ਹਾਂ ਅੰਦਰੋਂ ਵਿਤਕਰਾ ਅਥਵਾ ਮਨੁਖ ਮਨੁਖ ਵਿਚਾਲੇ ਭੇਦ ਜਾਨਣ ਦਾ ਖ਼ਿਆਲ ਹੀ ਮਿਟ ਜਾਂਦਾ ਹੈ।

ਇਸ ਲਈ ਮੇਰੇ ਮਾਲਕ ਦੇ ਸਵਾਰੇ ਪੀਰ ਜੀ, ਜੇਕਰ ਆਪ ਖ਼ੁਦਾ ਦਾ ਕੁਰਬ (ਨੇੜ) ਹਾਸਲ ਕਰਨਾ ਚਾਹੁੰਦੇ ਹੋ, ਤਾਂ ਉਪਰ ਉਠੋ ਮੇਰ ਤੇਰ ਦੇ ਸੰਸਿਆਂ ਤੋਂ, ਅਤੇ ਪਛਾਣੋ ਉਸ ਦੇ ਵਰਤ ਰਹੇ ਹੁਕਮ ਨੂੰ।

ਪੀਰ ਬੁੱਧੂ ਸ਼ਾਹ ਆਪਣੇ ਅੰਦਰੇ ਅੰਦਰ ਸਦਕੇ ਹ ਰਿਹਾ ਸੀ ਗੁਰੂ ਜੀ ਦੀ ਪਵਿਤਰ ਜ਼ਾਤ ਤੋਂ ਅਤੇ ਉਨ੍ਹਾਂ ਦੇ ਪਿਆਰੇ ਪਿਆਰੇ ਤੇ ਮਿੱਠੇ ਬਚਨਾਂ ਤੋਂ, ਅਤੇ ਹੁਣ ਉਹ ਭੁਲ ਚੁਕਾ ਸੀ ਆਪਣੀ ਪੀਰੀ ਦੀ ਵਡਿਆਈ ਤੇ ਮੁਰੀਦਾਂ ਦੀ ਹਾਜ਼ਰੀ। ਪੀਰ ਢਹਿ ਪਿਆ ਗੁਰੂ ਜੀ ਦੇ ਚਰਨਾਂ ਉਤੇ ਭਰੇ ਹੋਏ ਨੈਣਾਂ ਨਾਲ, 'ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ'।* ਸਰਣ ਆਇਆਂ ਦੀ ਲਾਜ ਪਾਲਣਹਾਰ ਗੁਰੂ ਨੇ ਉਪਰ ਉਠਾਇਆ ਪੀਰ ਨੂੰ ਅਤੇ ਘੁਟ ਕੇ ਗਲਵਕੜੀ ਵਿਚ ਲੈਂਦੇ ਹੋਇਆਂ ਕਿਹਾ 'ਨਿਹਾਲ ਨਿਹਾਲ ਨਿਹਾਲ'।

ਸਿੱਖੀ ਦ੍ਰਿੜ੍ਹਾਉਂਦੀ ਹੈ ਹੰਗਤਾ ਦਾ ਤਿਆਗ—'ਹਮ ਕਿਛੁ ਨਾਹੀ' ਮਨੁਖ ਮਾਤਰ ਦੀ ਸਮਾਨਤਾ ਤੇ ਉਸ ਨਾਲ ਪਿਆਰ ਅਤੇ ਵਾਹਿਗੁਰੂ ਦੇ ਹੁਕਮ ਦਾ ਸਤਿਕਾਰ।

ਸਿਖ ਨਿੰਮ੍ਰਤਾ ਭਾਵ ਵਿਚ ਰਹੇ, ਹਰ ਮਨੁਖ ਨੂੰ ਆਪਣੇ ਜਿਹਾ ਮਨੁਖ ਜਾਣ ਕੇ ਉਸ ਨਾਲ ਪਿਆਰ ਕਰੇ ਅਤੇ ਹਰ ਵਰਤੀ ਰਜ਼ਾ ਤੇ ਸ਼ੁਕਰ ਦੀ ਭਾਵਨਾ ਰਖੇ।

*ਦੇਵਗੰਧਾਰੀ ਮ: ੪, ਪੰਨਾ ੫੨੮


www.AKJ.Org

# ਕਾਚੇ ਗੁਰ ਤੇ ਮੁਕਤਿ ਨ ਹੂਆ

[ਭਾਈ ਰਾਮ ਸਿੰਘ ਜੀ, ਗ੍ਰੇਵਜ਼ੈਂਡ, ਯੂ. ਕੇ.]

ਇਸ ਗ੍ਰੇਵਜ਼ੈਂਡ ਸ਼ਹਿਰ ਵਿਚ ਇਕ ਐਸਾ ਪ੍ਰਤੱਖ ਵਰਤਾਰਾ ਵਰਤਿਆ ਕਿ ਇਕ ਗੁਰਸਿਖ ਪਰਵਾਰ ਦੀ ਬੱਚੀ ਨੂੰ ਕਿਤੇ ਭੁਲੇਖੇ ਨਾਲ ਅੰਮ੍ਰਿਤ-ਸੰਚਾਰ ਸਮੇਂ ਛੋਟੀ ਹੁੰਦੀ ਨੂੰ ਅੰਮ੍ਰਿਤ ਦੇ ਚੂਲੇ ਨਹੀਂ ਸੀ ਦੁਆਏ ਗਏ। ਬਾਕੀ ਸਾਰਾ ਪਰਵਾਰ ਸਿੱਖੀ ਵਿਚ ਗੁਰਮਤਿ ਅਨੁਸਾਰ ਵਿਚਰ ਰਿਹਾ ਸੀ, ਪਰ ਉਹ ਬੱਚੀ ਰਹਿਤ ਬਹਿਤ ਤੋਂ ਘਿਰਣਾ ਕਰਦੀ ਸੀ।

ਗੁਰੂ ਜੀ ਦਾ ਐਸਾ ਭਾਣਾ ਵਰਤਿਆ ਕਿ ਉਹ ਬੱਚੀ ਅਚਾਨਕ ਹੀ ਗੁੰਮ ਸੁੰਮ ਹੋਣਾ ਸ਼ੁਰੂ ਹੋ ਗਈ। ਸਕੂਲੇ ਆਪਣੀ ਜਮਾਤ ਵਿਚ ਵੀ ਇਸ ਤਰ੍ਹਾਂ ਹੋ ਜਾਇਆ ਕਰੇ। ਸਕੂਲ ਵਾਲਿਆਂ ਨੇ ਉਸ ਨੂੰ ਹਸਪਤਾਲ ਭੇਜ ਦੇਣਾ। ਉਥੇ ਵੀ ਉਹਨਾਂ ਨੂੰ ਕੁਝ ਨਾ ਪਤਾ ਲਗਾ। ਪਤਾ ਕੀ ਲਗਣਾ ਸੀ, ਕਿਉਂਕਿ ਬੱਚੀ ਨੂੰ ਕੋਈ ਐਸੀ ਬਿਮਾਰੀ ਨਹੀਂ ਸੀ ਜਿਸ ਦਾ ਉਹਨਾਂ ਨੂੰ ਪਤਾ ਲਗਦਾ। ਸੋ ਕੁਝ ਸਿੰਘਾਂ ਨੇ ਉਦਮ ਕਰ ਕੇ ਬੱਚੀ ਕੋਲ (ਹਸਪਤਾਲ ਵਿਚ ਵੀ ਤੇ ਫਿਰ ਘਰ ਵਿਚ ਵੀ) ਪਾਠ ਕਰਨਾ ਅਰੰਭ ਕਰ ਦਿਤਾ। ਘਰ ਵਿਚ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਵੀ ਕੀਤੇ ਗਏ। ਸੋ ਆਖ਼ਰ ਉਸ ਬੱਚੀ ਵਿਚ ਇਕ ਭਟਕਦੀ (ਸੱਚੇ ਗੁਰੂ ਤੋਂ ਬੇਮੁਖ ਹੋਈ) ਰੂਹ ਬੋਲੀ। ਉਹ ਸੀ ਬੱਚੀ ਦੀ ਮਾਸੀ, ਜੋ 'ਰਾਧਾ ਸੁਆਮੀ' ਬਣੀ ਹੋਈ ਸੀ ਅਤੇ ਕੁਝ ਸਮਾਂ ਪਹਿਲਾਂ ਚਲਾਣਾ ਕਰ ਗਈ ਸੀ। ਉਹ ਬੋਲੀ ਕਿ "ਮੇਰਾ ਕੋਈ ਟਿਕਾਣਾ ਨਹੀਂ, ਮੈਂ ਭਟਕਦੀ ਫਿਰਦੀ ਹਾਂ, ਮੇਰੀ ਗਤੀ ਨਹੀਂ ਹੋਈ, ਕਿਉਂਕਿ ਮੈਂ ਗਲਤ ਗੁਰੂ ਮਗਰ ਲਗੀ ਹੋਈ ਸਾਂ। ਸੋ ਮੇਰੇ ਲਈ ਪਾਠ ਕਰੋ।" ਕੁਦਰਤੀ ਇਕ ਹੋਰ ਬੀਬੀ, ਜੋ ਕਿ ਰਾਧਾ ਸੁਆਮੀ ਹੀ ਸੀ, ਉਥੇ ਹਾਜ਼ਰ ਸੀ, ਤੇ ਉਹ ਵੀ ਉਸ ਬੱਚੀ ਦੀ ਮਾਸੀ ਹੀ ਲਗਦੀ ਸੀ। ਉਸ ਵਿਚ ਰਾਧਾ ਸੁਆਮੀ ਗੁਰੂ ਬੋਲ ਪਿਆ। ਉਸ ਤੋਂ ਉਸ ਬੱਚੀ ਵਿਚ ਬੋਲ ਰਹੀ ਭਟਕਦੀ ਰੂਹ ਨੇ ਪੁਛਿਆ, "ਤੂੰ ਤਾਂ ਕਹਿੰਦਾ ਹੁੰਦਾ ਸੀ ਕਿ ਤੁਹਾਡਾ ਅੱਗਾ ਸੰਵਰ ਜਾਏਗਾ ਤੇ ਪਾਰ-ਉਤਾਰਾ ਹੋ ਜਾਏਗਾ, ਜੇ ਤੁਸੀਂ ਰਾਧਾ ਸੁਆਮੀ ਬਣ ਜਾਉ। ਸਾਡਾ ਪਾਰ-ਉਤਾਰਾ ਤਾਂ ਕੀ ਹੋਣਾ ਸੀ, ਅਸੀਂ ਤਾਂ ਭੂਤ ਪ੍ਰੇਤ ਬਣ ਕੇ ਭਟਕਦੇ ਫਿਰਦੇ ਹਾਂ।" ਇਸ ਤੇ ਉਹ ਅਗੋਂ ਕਹਿਣ ਲਗਾ ਕਿ, "ਮੇਰਾ ਆਪਣਾ ਪਾਰ-ਉਤਾਰਾ ਨਹੀਂ ਹੋਇਆ, ਮੈਂ ਤੁਹਾਡਾ ਪਾਰ-ਉਤਾਰਾ ਕੀ ਕਰਾਉਣਾ ਸੀ।"

ਸਿੰਘਾਂ ਨੂੰ ਗੁਰਬਾਣੀ ਦਾ ਇਹ ਸੱਚ ਨਿਰਣਤ ਹੋ ਗਿਆ ਕਿ

ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥੨੧॥ (ਪੰਨਾ ੯੩੨)

ਇਸ ਪਰ ਸਿੰਘਾਂ ਨੂੰ ਉਸ ਬੱਚੀ ਦੀ ਹਾਲਤ ਤੇ ਤਰਸ ਆਇਆ ਤੇ ਧੁਰ ਕੀ ਬਾਣੀ ਦਾ ਅਖੰਡ ਪਾਠ ਕਰਨਾ ਅਰੰਭ ਦਿਤਾ। ਪਾਠ ਸ਼ੁਰੂ ਹੋਣ ਤੋਂ ਹੀ ਬੱਚੀ ਠੀਕ ਹੋਣੀ ਸ਼ੁਰੂ ਹੋ ਗਈ ਤੇ ਭੋਗ ਪੈਣ ਤੇ ਕੀਰਤਨ ਦੇ ਅਖਾੜੇ ਸਜਣ ਤੇ ਗੁਰੂ ਜੀ ਦੀ ਅਪਾਰ ਕਿਰਪਾ ਨਾਲ ਬੱਚੀ ਗੁਰੂ ਜੀ ਵਲ ਇਤਨੀ ਪ੍ਰੇਰੀ ਗਈ ਕਿ ਉਹ ਗੁਰੂ ਵਾਲੀ ਹੋ ਕੇ, 'ਖਰਬੂਜ਼ੇ ਨੂੰ ਵੇਖ ਕੇ ਖਰਬੂਜ਼ਾ ਰੰਗ ਫੜਦਾ ਹੈ' ਅਨੁਸਾਰ ਸਿੰਘਾਂ ਦੇ ਅਸਰ ਨਾਲ ਨਾਮ-ਅਭਿਆਸ ਕਮਾਈ ਵਿਚ ਜੁੱਟ ਗਈ ਤੇ ਬਿਲਕੁਲ ਨੌਬਰ-ਨੌ ਹੋ ਗਈ। ਸਤਿਗੁਰੂ ਜੀ ਦੀ ਐਸੀ ਪਾਰਸ-ਕਲਾ ਵਰਤੀ–

ਸਤਿਗੁਰ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ ॥ [ਭਾਈ ਗੁਰਦਾਸ ਜੀ, ੨੬/੨੦

ਸਤਿਗੁਰ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ॥ [ਭਾਈ ਗੁਰਦਾਸ ਜੀ, ੨੬/੧੯

---

## ਭਾ: ਸਾ: ਭਾਈ ਰਣਧੀਰ ਸਿੰਘ ਨਿਤਨੇਮ ਉਤਸ਼ਾਹਤ ਸਕੀਮ

ਹਰ ਸਾਲ ਵਾਂਗ ਇਸ ਸਕੀਮ ਅਧੀਨ ਪ੍ਰਾਇਮਰੀ ਤੋਂ ਕਾਲਜ ਤਕ ਦੀ ਤਾਲੀਮ ਪਾ ਰਹੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਦੀ ਪ੍ਰੀਖਿਆ ਦਿੱਲੀ ਦੁਸਹਿਰੇ ਸਮਾਗਮ ਸਮੇਂ ਹੋਵੇਗੀ। ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਬੱਚੇ ਲੁੜੀਂਦੇ ਫ਼ਾਰਮ "ਸਕਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩ ਜੀ-ਸਰਾਭਾ ਨਗਰ, ਲੁਧਿਆਣਾ" ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ ਵਾਪਸ ਉਸੇ ਪਤੇ ਤੇ ਲੁਧਿਆਣੇ ੧੫ ਸਤੰਬਰ ਤਕ (ਵਕਤ ਸਿਰ) ਭੇਜ ਦੇਣ।

ਖਾਲਸਾ ਜੀ ਦਾ ਸੇਵਕ—ਜਥੇਦਾਰ ਅਖੰਡ ਕੀਰਤਨੀ ਜਥਾ



www.AKJ.Org

# ਖਾਲਸਈ ਰਹਿਤ ਆਦਰਸ਼ ਬਣੇਗੀ

ਖਾਲਸੇ ਦੀ ਰਹਿਤ ਵਿਚ ਚਾਰ ਪ੍ਰਮੁੱਖ ਕੁਰਹਿਤਾਂ ਵਿੱਚੋਂ ਇੱਕ ਕੁਰਹਿਤ 'ਤੰਬਾਕੂ ਵਰਤਣ ਤੋਂ ਸਖ਼ਤ ਮਨਾਹੀ' ਹੈ।

ਅਜ ਤੰਬਾਕੂ ਦੀ ਮਾਰ ਤੋਂ ਬਚਾਉਣ ਲਈ ਦੁਨੀਆ ਭਰ ਵਿਚ ਯਤਨ ਹੋ ਰਹੇ ਹਨ। ਪਿਛਲੇ ਸਾਲ "ਸੰਸਾਰ ਸਿਹਤ ਸੰਸਥਾ" (World Health Organisation) ਵਲੋਂ ੩੧ ਮਈ ੧੯੯੧ ਦਾ ਦਿਨ ਤੰਬਾਕੂ-ਬਿਹੂਣ ਵਾਤਾਵਰਨ ਦੀ ਸਿਰਜਨਾ ਨੂੰ ਸਮਰਪਿਤ ਕਰਕੇ ਮਨਾਇਆ ਗਿਆ ਅਤੇ ਜਨਤਕ ਥਾਵਾਂ ਅਤੇ ਆਵਾ-ਜਾਈ ਸਾਧਨਾਂ ਨੂੰ ਤੰਬ ਕੂ ਬਿਹੀਣ ਬਣਾਉਣ ਦਾ ਨਾਹਰਾ ਦਿਤਾ ਗਿਆ। (Slogon of No Tobacco Day).

'ਸੰਸਾਰ ਸਿਹਤ ਸੰਸਥਾ' ਦਖਣੀ ਪੂਰਬੀ ਖੇਤਰ ਦੇ ਡਾਇਰੈਕਟਰ ਡਾ: ਯੂ. ਕੇ. ਕੇ. ਨੇ ਵਿਕਾਸ-ਸ਼ੀਲ ਦੇਸ਼ਾ ਦੇ ਯੁਵਕਾਂ ਅੰਦਰ ਤੰਬਾਕੂ ਦੀ ਵਰਤੋਂ ਤੋਂ ਹੋਣ ਵਾਲੇ ਭਿਆਨਕ ਅਸਰਾਂ ਤੋਂ ਚੇਤੰਨ ਕਰਦਿਆਂ, ਇਸ ਆਦਤ ਨੂੰ ਨੱਥ ਪਾਉਣ ਦੀ ਜ਼ੋਰਦਾਰ ਅਪੀਲ ਕੀਤੀ। ਉਨ੍ਹਾਂ ਨੇ ਹਰ ਤਰ੍ਹਾਂ ਦੇ ਉਪਰਾਲੇ ਕਰ ਕੇ ਤੰਬਾਕੂ-ਨੋਸ਼ੀ ਨੂੰ ਸਮਾਜਿਕ ਥਾਵਾਂ ਉਤੇ ਗ਼ੈਰ-ਸਮਾਜਿਕ ਕੰਮ ਕਰਾਰ ਦੇਣ ਦੀ ਗੱਲ ਕਹੀ।

ਤੰਬਾਕੂ-ਨੋਸ਼ੀ ਦੇ ਮੰਦੇ ਅਸਰਾਂ ਤੋਂ ਸਭ ਜਾਣੂ ਹਨ, ਪਰ ਵਡੀ ਹਾਨੀ ਤਾਂ ਸਿਗਰਟ/ਤੰਬਾਕੂ ਦੇ ਧੂੰਏ ਤੋਂ ਗੈਰ-ਤੰਬਾਕੂ-ਨੋਸ਼ਾਂ ਨੂੰ ਹੁੰਦੀ ਹੈ। ਇਸ ਨੂੰ ਅਣਇਛਕ ਤੇ ਨਿਸਕ੍ਰਿਆ ਤੰਬਾਕੂ-ਨੋਸ਼ੀ (Involuntary and Passive Smoking) ਕਹਿੰਦੇ ਹਨ।

'ਸੰਸਾਰ ਸਿਹਤ ਸੰਸਥਾ' ਦੇ ਡਾਇਰੈਕਟਰ ਜਨਰਲ ਡਾ. ਹਿਰੋਸ਼ੀ ਨੇ ਕਿਹਾ ਹੈ ਕਿ 'ਤੰਬਾਕੂ-ਬਿਹੀਣ-ਦਿਨ' ਮਨਾਉਣ ਦਾ ਉਦੇਸ਼ ਇਹ ਵੀ ਹੋਣਾ ਚਾਹੀਦਾ ਹੈ ਕਿ ਹਰੇਕ ਦੇਸ਼ ਦੇ ਹਰ ਖਿੱਤੇ ਦੀ ਸਰਕਾਰ ਤੰਬਾਕੂ ਦੀ ਵਰਤੋਂ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁਕੇ ਅਤੇ ਸਾਰੇ ਸ਼ਹਿਰੀਆਂ ਦੀ ਸੁਰੱਖਿਆ ਅਤੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਕੀਤੇ ਜਾ ਰਹੇ ਨਸ਼ਾ-ਰੋਕੂ ਯਤਨਾਂ ਦੀ ਪੜਤਾਲ ਕਰਦੀ ਰਹੇ।

ਕੀ 'ਸੰਸਾਰ ਸਿਹਤ ਸੰਸਥਾ' (WHO) ਦੇ ਉਦੇਸ਼ਾਂ ਅਤੇ ਕਾਰਜ-ਕਰਮਾਂ ਅਨੁਸਾਰ, ਭਾਰਤ ਦੀ ਕੇਂਦਰੀ ਸਰਕਾਰ ਅਤੇ ਰਾਜ-ਸਰਕਾਰਾਂ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਦਲੇਰਾਨਾ ਕਦਮ ਚੁਕਣ ਲਈ ਤਿਆਰ ਹਨ?

ਪੰਜਾਬ ਵਿਚ ਲਾਗੂ ਹੋਈ ਤੰਬਾਕੂ-ਨੋਸ਼ੀ ਦੀ ਪਾਬੰਦੀ ਕਿੰਨੀ ਕੁ ਸਖ਼ਤੀ ਤੇ ਈਮਾਨਦਾਰੀ ਨਾਲ ਲਾਗੂ ਕੀਤੀ ਜਾਂਦੀ ਹੈ, ਇਸ ਉਤੇ ਹੀ ਸਾਡੇ ਢਾਂਚੇ ਦੀ ਲੋਕ ਸਿਹਤ ਨੂੰ ਸੰਭਾਲਣ ਦੀ ਕੁਸ਼ਲਤਾ ਦਾ ਗਿਆਨ ਹੋਵੇਗਾ।

['ਸਾਡਾ ਵਿਰਸਾ ਸਾਡਾ ਗੌਰਵ' ਜੂਨ ੯੨ ਵਿਚੋਂ

---

# ਜ਼ਰੂਰੀ ਸੂਚਨਾ

ਅਖੰਡ ਕੀਰਤਨੀ ਜਥੇ ਦੀ ਰੀਝ ਹੈ ਕਿ ਗੁਰਸਿਖ ਫੁਲਵਾੜੀ ਨੂੰ ਪਰਫੁਲਤ ਕਰਨ ਲਈ ਗੁਰਬਾਣੀ ਕੀਰਤਨ, ਗੁਰਬਾਣੀ ਪਾਠ, ਤੇ ਅਰਥ ਬੋਧ ਦੇ ਨਾਲ ਨਾਲ ਵਖ ਵਖ ਕਿਤਿਆਂ (ਕੰਪਿਊਟਰ ਸਿਖਲਾਈ, ਨਵ-ਉਸਾਰੀ, ਘੜੀ-ਸਾਜ਼ੀ, ਇਲੈਕਟ੍ਰੀਸ਼ਨ, ਵੈਲਡਰ, ਰੇਡੀਓ ਮੁਰੰਮਤ ਆਦਿ) ਸੰਬੰਧੀ ਬੱਚਿਆਂ ਨੂੰ ਸਿਖਲਾਈ ਕਰਾਈ ਜਾਏ।

ਇਸ ਕਾਰਜ ਲਈ ਜਿਹੜੇ ਗੁਰਸਿਖ ਸਮਾਂ ਦੇ ਸਕਣ ਜਾਂ ਆਪਣੀ ਮਾਇਆ ਸਫ਼ਲੀ ਕਰਨੀ ਚਾਹੁੰਦੇ ਹੋਣ, ਉਹ ਆਪਣਾ ਸਹਿਯੋਗ ਦੇਣ। ਆਪੋ ਆਪਣਾ ਯੋਗ ਦਾਨ ਪਾਉਣ ਲਈ ਨਿਸਚਿਤ ਪ੍ਰੋਫ਼ਾਰਮਾ, ਦਫ਼ਤਰ ਅਖੰਡ ਕੀਰਤਨੀ ਜਥਾ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ਪ੍ਰਾਪਤ ਕਰ ਕੇ, ਪੁਰ ਕਰ ਕੇ ਭੇਜੋ ਜੀ। ਇਸ ਸਕੀਮ ਵਿਚ ਰੀਟਾਇਰਡ ਸਿੰਘ ਤੇ ਬੀਬੀਆਂ ਲਈ ਵਿਸ਼ੇਸ਼ ਸੇਵਾ ਦੇ ਮੌਕੇ ਹਨ।

ਦਾਸਰਾ-ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ, ਅੰਮ੍ਰਿਤਸਰ



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੯)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

**ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਦਾ ਨਤੀਜਾ–**

ਲਾਹੌਰੀ ਫ਼ੌਜਾਂ ਦੇ ਭਾਈ ਤਾਰਾ ਸਿੰਘ "ਵਾਂ" ਉਤੇ ਹਮਲੇ, ਸਾਰਾ ਦਿਨ ਘਮਸਾਨ ਦੀ ਲੜਾਈ; ੨੧ ਸਿੰਘਾਂ ਨਾਲ ਭਾ: ਤਾਰਾ ਸਿੰਘ "ਵਾਂ" ਦੀ ਸ਼ਹਾਦਤ ਤੇ ਉਨ੍ਹਾਂ ਦੇ ਵਾੜੇ ਨੂੰ ਤਬਾਹ ਕਰਨ ਦੀ ਖ਼ਬਰ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਦੂਰ ਨੇੜੇ ਜਿਥੇ ਜਿਥੇ ਸਿੰਘ ਆਪਣਿਆਂ ਘੋਰਨਿਆਂ ਵਿਚ ਬੈਠੇ ਸਨ, ਉਨ੍ਹਾਂ ਨੇ ਜਦ ਇਸ ਸਾਕੇ ਦੀ ਖ਼ਬਰ ਸੁਣੀ ਤਾਂ ਬਹੁਤ ਰੋਹ ਚੜ੍ਹਿਆ। ਭਾਈ ਤਾਰਾ ਸਿੰਘ ਦਾ ਸਿੱਖਾਂ ਵਿਚ ਬੜਾ ਮਾਣ ਸਤਿਕਾਰ ਸੀ। ਸਿੰਘ ਉਨ੍ਹਾਂ ਨੂੰ ਪੂਜਨੀਕ ਹਸਤੀ ਸਮਝਦੇ ਸਨ। ਜ਼ਕਰੀਆ ਖ਼ਾਨ ਫ਼ੌਜ ਨੂੰ ਉਨ੍ਹਾਂ ਤੇ ਚੜ੍ਹਾ ਕੇ ਅਜਿਹਾ ਨੀਚ ਕਾਰਾ ਕਰੇ, ਸਿੰਘ ਕਿਵੇਂ ਜਰ ਸਕਦੇ ਸਨ? ਖਾਲਸਾ ਪੰਥ ਭੜਕ ਉਠਿਆ ਤੇ ਹਜ਼ਾਰਾਂ ਸਿੰਘ ਗੁਰਮਤਾ ਕਰਨ ਲਈ ਅੰਮ੍ਰਿਤਸਰ ਇਕੱਠੇ ਆਣ ਹੋਏ। ਸਾਰਿਆਂ ਮਿਲ ਕੇ ਇਹ ਫ਼ੈਸਲਾ ਕੀਤਾ ਕਿ ਮੁਗ਼ਲ ਰਾਜ ਲਈ ਕਿਆਮਤ ਖੜੀ ਕਰ ਦਿਤੀ ਜਾਵੇ–ਜ਼ਕਰੀਆ ਖ਼ਾਨ ਦੇ ਹਮਾਇਤੀ ਜ਼ਿਮੀਦਾਰਾਂ, ਸਰਕਾਰ ਦੇ ਖ਼ੈਰ-ਖਾਹਾਂ, ਮੁਖ਼ਬਰਾਂ, ਚੁਗਲਾਂ, ਮੁਲਾਣਿਆਂ, ਮੁਫ਼ਤੀਆਂ ਤੇ ਕਾਜ਼ੀਆਂ ਦੀ ਤਬਾਹੀ ਕੀਤੀ ਜਾਵੇ। ਦੇਸ ਵਿਚ ਲੁਟ-ਮਾਰ ਜ਼ੋਰਾਂ ਤੇ ਕੀਤੀ ਜਾਵੇ ਤੇ ਕਿਸੇ ਵੀ ਸਰਕਾਰ-ਪੱਖੀ ਨੂੰ ਬਖ਼ਸ਼ਿਆ ਨਾ ਜਾਵੇ। ਲਾਹੌਰ ਤੇ ਦਿਲੀ ਵੱਲ ਨੂੰ ਜਾਂਦੇ ਸ਼ਾਹੀ ਖ਼ਜ਼ਾਨਿਆਂ ਤੇ ਹੱਥ ਸਾਫ਼ ਕੀਤਾ ਜਾਵੇ। ਸ਼ਾਹੀ ਸਾਜ਼ੋ ਸਾਮਾਨ, ਖ਼ਾਸ ਕਰ ਘੋੜਿਆਂ ਦੇ ਸੌਦਾਗਰਾਂ ਦੇ ਕਾਫ਼ਲੇ, ਕਸ਼ਮੀਰ, ਕਾਬਲ ਤੇ ਕੰਧਾਰ ਵਲੋਂ ਆਉਂਦੇ ਤੇ ਇਧਰ ਜਾਂਦੇ ਕਾਫ਼ਲ ਸੁੱਕੇ ਨਾ ਛੱਡੇ ਜਾਣ। ੨੦੦ ਤੋਂ ਲੈ ਕੇ ੩੦੦ ਤੱਕ ਦੇ ਅੱਡ ਅੱਡ ਜਥੇ ਬਣਾ ਕੇ ਸਿੰਘ ਚੁਫੇਰੇ ਇਲਾਕਿਆਂ ਵਿਚ ਖਿਲਰ ਗਏ ਛੋਟੇ ਜਥਿਆਂ ਨੇ ਪਿੰਡਾਂ ਤੇ ਕਸਬਿਆਂ ਵਿਚ ਹੇਠਲੀ ਉੱਤੇ ਲਿਆ ਦਿੱਤੀ। ਮੁਲਾਣੇ ਪਿੰਡ ਤੇ ਕਸਬੇ ਛੱਡ ਛੱਡ ਨਜ਼ਦੀਕ ਦੇ ਸ਼ਹਿਰਾਂ ਵਿਚ ਜਾ ਵੜੇ। ਜੋ ਕਾਬੂ ਆਏ, ਮੌਤ ਦੇ ਘਾਟ ਉਤਾਰੇ ਗਏ। ਸਾਰੇ ਦੇਸ ਵਿਚ ਰਾਮ-ਰੌਲਾ ਮੱਚ ਗਿਆ। ਓਧਰੋਂ ਜ਼ਕਰੀਆ ਖ਼ਾਨ ਵਲੋਂ ਚਾੜ੍ਹੀ ਗਸ਼ਤੀ ਫੌਜ ਥਾਂ ਥਾਂ ਸਿੰਘਾਂ ਦੀ ਭਾਲ ਵਿਚ ਫਿਰ ਰਹੀ ਸੀ। ਕਿਤੇ ਸਿੰਘ ਅਗੇ ਅਗੇ, ਕਿਤੇ ਫੌਜ ਅਗੇ ਅਗੇ।

**ਸ਼ਾਹੀ ਖਜ਼ਾਨੇ ਦੀ ਲੁਟ–**

ਸਿੰਘਾਂ ਨੂੰ ਸੂਹ ਮਿਲੀ ਕਿ ਮੁਲਤਾਨ ਤੋਂ ਸ਼ਾਹੀ ਖ਼ਜ਼ਾਨਾ ਦਿੱਲੀ ਨੂੰ ਜਾ ਰਿਹਾ ਹੈ। ਫੌਰਨ ਅਗੇ ਵਧ ਕੇ ਖੁਡੀਆਂ (ਜ਼ਿਲਾ ਲਾਹੌਰ) ਲਾਗੇ ਘੇਰ ਲਿਆ। ਰਾਖੀ ਲਈ ਜੋ ਸ਼ਾਹੀ ਦਸਤਾ ਨਾਲ ਸੀ, ਉਸ ਚੋਂ ਬਹੁਤਾ ਮਾਰਿਆ ਗਿਆ, ਬਾਕੀ ਭਜ ਨਿਕਲਿਆ। ਘੋੜੇ ਤੇ ਹਥਿਆਰਾਂ ਤੋਂ ਬਿਨਾਂ ਚਾਰ ਕੁ ਲਖ ਦੇ ਕਰੀਬ ਖ਼ਜ਼ਾਨਾ ਸਿੰਘਾਂ ਦੇ ਹੱਥ ਲੱਗਾ। ਇਸ ਵਿਚੋਂ ਕੁਝ ਤਾਂ ਗੁਰੂ ਕੇ ਲੰਗਰ ਵਾਸਤੇ ਅੰਮ੍ਰਿਤਸਰ ਭਾਈ ਮਨੀ ਸਿੰਘ ਪਾਸ ਪਹੁੰਚਾ ਦਿਤਾ ਤੇ ਬਾਕੀ ਸਿੰਘਾਂ ਵਿਚ ਵੰਡ ਦਿਤਾ ਗਿਆ। ਚਵਿੰਡੇ ਦੀ ਤਹਿਸੀਲ ਦਾ ਸ਼ਾਹੀ ਮਾਮਲਾ ਇਕੱਠਾ ਹੋ ਕੇ ਲਾਹੌਰ ਨੂੰ ਜਾ ਰਿਹਾ ਸੀ। ਸਿੰਘਾਂ ਸਾਰਾ ਖ਼ਜ਼ਾਨਾ ਖੋਹ ਕੇ ਲੋੜਵੰਦਾਂ ਵਿਚ ਵੰਡ ਦਿਤਾ। ਰਾਖਿਆਂ ਨੇ ਅਗੋਂ ਮਜ਼ਾਹਮਤ (ਰੋਕ-ਥਾਮ) ਨਹੀਂ ਸੀ ਕੀਤੀ, ਸੋ ਉਨ੍ਹਾਂ ਤੋਂ ਹਥਿਆਰ-ਘੋੜੇ ਲੈ ਕੇ ਉਨ੍ਹਾਂ ਨੂੰ ਛੱਡ ਦਿਤਾ। ਗਸ਼ਤੀ ਫੌਜ ਨੂੰ ਜਦ ਚਵਿੰਡੇ ਦੀ ਘਟਨਾ ਦਾ ਪਤਾ ਲਗਾ ਤਾਂ ਉਹ ਉਸ ਪਾਸੇ ਗਈ। ਇਧਰ ਦੂਜੇ ਬੰਨੇ ਸ: ਦਰਬਾਰਾ ਸਿੰਘ, ਸ: ਫਤਹ ਸਿੰਘ ਤੇ ਸ: ਖੜਕ ਸਿੰਘ ਆਦਿ ਜਥੇਦਾਰਾਂ ਨੇ ਚੂਹਣੀਆਂ ਪਰਗਣਾ ਕਸੂਰ ਦਾ ਜਮ੍ਹਾ-ਸ਼ੁਦਾ ਮਾਮਲਾ, ਜੋ ਲਾਹੌਰ ਨੂੰ ਜਾ ਰਿਹਾ ਸੀ, ਕਾਹਨੇ ਕਾਛੇ ਦੇ ਪਿੰਡ ਪਾਸ ਜਾ ਘੇਰਿਆ। ਇਹ ਰਾਤ ਦੇ ਸਮੇਂ ਦਾ ਸ਼ਬਖ਼ੂਨ ਸੀ। ਬਹੁਤ ਸਾਰੇ ਸ਼ਾਹੀ ਰਾਖ ਮਾਰੇ ਗਏ, ਕੁਝ ਜ਼ਖ਼ਮੀ ਹੋਏ, ਬਾਕੀ ਜਿਧਰ ਨੂੰ ਰਾਹ ਲਭਾ, ਜਾਨ ਬਚਾਉਣ ਲਈ ਨੱਸ ਗਏ। ਖ਼ਜ਼ਾਨਾ, ਹਥਿਆਰ ਤੇ ਘੋੜੇ ਕਬਜ਼ੇ ਕਰ ਕੇ ਸਿੰਘ ਸਾਂਦਲ ਬਾਰ ਦੇ ਜੰਗਲਾਂ ਵਿਚ ਜਾ ਵੜੇ। ਏਸੇ ਸਮੇਂ ਖ਼ਬਰ ਮਿਲੀ ਕਿ ਮੁਰਤਜ਼ਾ ਖ਼ਾਂ ਕੰਧਾਰੀ ਮਸ਼ਹੂਰ ਸੌਦਾਗਰ ਘੋੜੇ ਲੈ ਕੇ ਦਿੱਲੀ ਨੂੰ ਜਾ ਰਿਹਾ ਸੀ। ਇਹ ਜੰਡਿਆਲੇ



www.AKJ.Org

ਨਜ਼ਦੀਕ ਪੁਜਾ ਸੀ ਕਿ ਸਿੰਘਾਂ ਇਸ ਕਾਫਲੇ ਨੂੰ ਘੇਰ ਲਿਆ। ਸੌਦਾਗਰ ਆਪ ਤਾਂ ਘਾਹ ਦੀਆਂ ਪੰਡਾਂ ਵਿਚ ਲੁਕ ਕੇ ਬਚਿਆ, ਤੇ ਸਾਥੀ ਜੋ ਅੜੇ ਮਾਰੇ ਗਏ, ਬਾਕੀ ਦੇ ਨੱਠ ਗਏ। ਸਿੰਘ ਘੋੜੇ ਤੇ ਮਾਲ ਅਸਬਾਬ ਲੈ ਕੇ ਬੰਡਾਲੇ ਦੀ ਬੀੜ ਵਿਚ ਜਾ ਵੜੇ। ਸਵੇਰੇ ਜੰਡਿਆਲੇ ਦੇ ਮਹੰਤ ਆਕੂਲ ਦਾਸ ਨੇ ਸੌਦਾਗਰ ਨੂੰ ਘਾਹ ਚੋਂ ਕਢ ਕੇ ਲਾਹੌਰ ਪਹੁੰਚਾਇਆ। ਏਸੇ ਸਾਲ ਜਾਫ਼ਰ ਖ਼ਾ ਦਸ-ਹਜ਼ਾਰੀ, ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦਾ ਸਾਲਾ ਆਪਣੇ ਟੱਬਰ ਕਬੀਲੇ ਸਮੇਤ ਕਾਬਲ ਵਲੋਂ ਦਿੱਲੀ ਨੂੰ ਜਾ ਰਿਹਾ ਸੀ, ਬਾਘ ਸਿੰਘ ਹੱਲੋਵਾਲੀਏ ਨੂੰ ਇਸ ਦੀ ਟੋਹ ਮਿਲ ਗਈ। ਉਸ ਨੇ ਇਸ ਦਾ ਸ਼ਿਕਾਰ ਗੋਇੰਦਵਾਲ ਦੇ ਪੱਤਣ ਤੇ ਜਾ ਖੇਡਿਆ।

**ਹਿੰਦੂ ਸੌਦਾਗਰ ਦਾ ਲੁਟਿਆ ਮਾਲ ਵਾਪਸ ਕੀਤਾ—**

ਸਿਖ ਮੁਲਕ ਵਿਚ ਮਿਥ ਕੇ ਲੁਟ-ਮਾਰ ਕਰ ਰਹੇ ਸਨ। ਪਰ ਇਹ ਆਮ ਲੁਟ-ਮਾਰ ਵਰਗੀ ਨਹੀਂ ਸੀ, ਜਿਸ ਵਿਚ ਹਰ ਕੋਈ ਲੁਟ ਦੀ ਲਪੇਟ ਵਿਚ ਆ ਜਾਂਦਾ ਹੈ। ਓਦੋਂ ਸਿਖ ਸ਼ਾਹੀ ਫ਼ੌਜ, ਸਰਕਾਰੀ ਖ਼ਜ਼ਾਨੇ, ਰਸਦ ਪੱਠੇ ਦੇ ਸਰਕਾਰੀ ਜ਼ਖ਼ੀਰੇ, ਸਰਕਾਰੀ ਹਮਾਇਤੀ ਜ਼ਿਮੀਦਾਰਾਂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਸਨ ਛੇੜਦੇ। ਹਾਂ, ਜਦ ਕੋਈ ਕਾਜ਼ੀ ਮੁਲਾਣੇ ਅੜਿੱਕੇ ਆ ਜਾਣ, ਉਨ੍ਹਾਂ ਨੂੰ ਇਨਸਾਨ ਦਾ ਪੁਤ ਬਨਾਉਣ ਲਈ ਜ਼ਿੰਦਗੀ ਵਿਚ ਕੰਮ ਆਉਣ ਵਾਲੇ ਸਬਕ ਜ਼ਰੂਰ ਪੜ੍ਹਾ ਦੇਂਦੇ ਸਨ। ਇਸ ਰਾਮ ਰੌਲੇ ਵਿਚ ਜੇ ਕੋਈ ਬੇ-ਦੋਸ਼ਾ ਲੁੱਟਿਆ ਜਾਂਦਾ ਤਾਂ ਪਤਾ ਲਗਣ ਤੇ ਉਸ ਦਾ ਮਾਲ ਵਾਪਸ ਮੋੜ ਦਿੱਤਾ ਜਾਂਦਾ। ਜਿਵੇਂ ਕਿ ਸ੍ਰੀ ਹਰਿਗੋਬਿੰਦਪੁਰ ਪਾਸ ਪ੍ਰਤਾਪ ਚੰਦ ਖਤਰੀ ਸਿਆਲਕੋਟੀਏ ਸੌਦਾਗਰ ਦਾ ਲੁਟਿਆ ਮਾਲ ਵਾਪਸ ਕਰ ਦਿਤਾ ਸੀ।[੧] ਇਹ ਕਸ਼ਮੀਰ ਤੋਂ ਲਾਹੌਰ ਵਲ ਦੀ ਹੋ ਕੇ ਦਿੱਲੀ ਨੂੰ ਜਾ ਰਿਹਾ ਸੀ। ਊਠਾਂ ਉਤੇ ਖ਼ੁਸ਼ਕ ਮੇਵੇ ਤੇ ਪਸ਼ਮੀਨੇ ਦੇ ਥਾਨ ਲੱਦੇ ਹੋਏ ਸਨ। ਸਾਰਾ ਕਾਫਲਾ ਮਾਂਜ ਸੁਟਿਆ। ਪਰ ਜਦ ਪਤਾ ਲੱਗਾ ਕਿ ਇਹ ਸਰਕਾਰੀ ਕਾਫਲਾ ਨਹੀਂ, ਸਗੋਂ ਇਕ ਹਿੰਦੂ ਦਾ ਹੈ, ਤਾਂ ਸਾਰਾ ਮਾਲ ਇਕੱਠਾ ਕਰ ਕੇ ਉਸ ਨੂੰ ਮੋੜ ਦਿਤਾ। ਇਹੋ ਜਿਹੀਆਂ ਕਈ ਘਟਨਾਵਾਂ ਵਾਪਰੀਆਂ। ਯਾਦ ਰਹੇ ਕਿ ਉਹ ਕੜਾਕੇ ਦੀ ਠੰਡ ਦੇ ਸਿਆਲੀ ਦਿਨ ਸਨ। ਇਕ ਇਕ ਬੂਰੀ ਪਾਸ ਤੇ ਅੱਠ ਅੱਠ ਸੋਲਾਂ ਸੋਲਾਂ ਪਹਿਰਾਂ ਦੇ ਕੜਾਕੇ ਕਟਣ ਵਾਲੇ ਸਭ ਕੁਝ ਸਰੀਰ ਤੇ ਝਲ ਲੈਂਦੇ ਪਰ ਆਪਣੇ ਉੱਚੇ ਤੇ ਸੁੱਚੇ ਆਚਰਣ ਨੂੰ ਆਂਚ ਨਾ ਆਉਣ ਦੇਂਦੇ। ਅੱਤ ਦੀ ਠੰਡ ਵਿਚ ਐਸਾ ਮਾਲ ਹੱਥ ਆਇਆ ਕੌਣ ਛਡਦਾ ਏ ? ਪਰ ਵਾਹ ਰੇ ਸਿਖ ਕਿਰਦਾਰ ! ਸਬਰ ਸੰਤੋਖ ਦੀਆਂ ਉਹ ਮਿਸਾਲਾਂ ਕਾਇਮ ਕਰ ਦਿਤੀਆਂ ਜਿਨ੍ਹਾਂ ਨੂੰ ਫਿਰ ਕੋਈ ਦੁਹਰਾ ਨਾ ਸਕਿਆ।

ਜ਼ਕਰੀਆ ਖਾਨ ਦੀ ਸਰਕਾਰ ਬੌਂਦਲੀ ਪਈ ਸੀ ਕਿ ਜਿਨ੍ਹਾਂ ਸਿੱਖਾਂ ਨੂੰ ਉਨ੍ਹਾਂ ਮਾਰ ਮਾਰ ਕੇ ਪੰਜਾਬੋਂ ਬਾਹਰ ਧਕ ਦਿਤਾ ਹੈ, ਇਹ ਕਿਥੋਂ ਆ ਗਏ ਹਨ। ਓਹਨਾਂ ਦਿਨਾਂ ਵਿਚ ਸਾਰੇ ਦੇਸ ਵਿਚ ਛੋਟੇ ਵੱਡੇ ਜਥੇ ਮਾਰੋ ਮਾਰ ਕਰਦੇ ਫਿਰਦੇ ਸਨ। ਰਾਤ ਨੂੰ ਸ਼ਾਹੀ ਫ਼ੌਜ ਵਿਚ ਤਰਥਲੀ ਮਚਾਈ ਰਖਦੇ। ਦਿਨੇ ਘਾਹ, ਜਲ, ਜੰਗਲ ਵੇਖ ਕੇ ਗੁਜ਼ਾਰਾ ਕਰਦੇ। ਲੁਟ ਦੇ ਮਾਲ ਦਾ ਮਲੀਦਾ ਕੁਟ ਕੁਟ ਆਪ ਛਕਦੇ ਤੇ ਆਪਣੇ ਘੋੜਿਆਂ ਨੂੰ ਵੀ ਖੁਆਂਦੇ ਤੇ ਸੰਘਣੀਆਂ ਛਾਵਾਂ ਵਿਚ ਸੌਂ ਰਹਿੰਦੇ। ਜਦ ਕੁਝ ਨਾ ਮਿਲਦਾ ਤਾਂ ਸ਼ਿਕਾਰ ਖੇਡਦੇ ਤੇ ਮਨ ਭਾਉਂਦਾ ਡੰਗ ਟਪਾਉਂਦੇ। ਆਪ ਭਾਵੇਂ ਫਾਕੇ ਕੱਟ ਲੈਣ, ਪਰ ਆਪਣੇ ਅਰਾਕਿਆਂ ਦਾ ਪੂਰਾ ਖਿਆਲ ਰਖਦੇ ਤੇ ਉਨ੍ਹਾਂ ਦੀ ਖ਼ੂਬ ਟਹਿਲ ਕਰਦੇ। ਉਨ੍ਹਾਂ ਦੇ ਘੋੜੇ ਵੀ ਉਨ੍ਹਾਂ ਵਾਂਗ ਸਖ਼ਤ-ਜਾਨ ਸਨ, ਅੱਸੀ ਅੱਸੀ ਸੌ ਸੌ ਕੋਹ ਦੀ ਮੰਜ਼ਲ ਮਾਰ ਜਾਂਦੇ। ਮਗਰ ਪੈ ਕੇ ਗਸ਼ਤੀ ਫ਼ੌਜ ਉਨ੍ਹਾਂ ਨੂੰ ਨਹੀਂ ਹੀ ਮਿਲ ਸਕਦੀ। ਜੇ ਕਿਤੇ ਘਿਰ ਜਾਂਦੇ ਤਾਂ ਤੇਗਾਂ ਨੇਜ਼ੇ ਵਾਹੁੰਦੇ ਹੋਏ ਇਕ ਬਾਹੀ ਚੀਰ ਪਾੜ ਕੇ ਨਿਕਲ ਜਾਂਦੇ। ਜੰਗਲਾਂ ਵਿਚ ਤਾਂ ਸਿੰਘ ਗਸ਼ਤੀ ਫ਼ੌਜ ਦੇ ਕਾਬੂ ਨਹੀਂ ਸਨ ਆਉਂਦੇ, ਕਿਉਂਕਿ ਰਾਹੀਂ ਟਿਕਾਣਿਆਂ ਦੇ ਭੇਤੀ ਸਨ। ਸ਼ਾਹੀ ਫ਼ੌਜ ਨੂੰ ਜੰਗਲਾਂ ਵਿਚ ਵੜਨਾ ਮੌਤ ਵਿਖਾਲੀ ਦੇਂਦੀ ਸੀ। ਸਿੰਘਾਂ ਨੂੰ ਠਲ੍ਹ ਨਾ ਪੈਂਦੀ ਵੇਖ ਕੇ ਖਾਨ ਬਹਾਦਰ ਜ਼ਕਰੀਆ ਖਾਨ ਨੇ ਗਸ਼ਤੀ ਫ਼ੌਜ ਬਹੁਤ ਵਧਾ ਦਿਤੀ ਤੇ ਨਾਲ ਹੀ ਸਿੱਖਾਂ ਵਿਰੁਧ ਹੁਕਮ ਹੋਰ ਜ਼ਿਆਦਾ ਸਖ਼ਤ ਕਰ ਦਿਤੇ।



www.AKJ.Org

## ਚਵਿੰਡੇ ਵਿਚ ਸਿੰਘਣੀਆਂ ਫ਼ੌਜ ਅੱਗੇ ਲਾ ਲਈ–

ਚਵਿੰਡੇ ਦੇ ਜਥੇਦਾਰ ਬਹਾਦਰ ਸਿੰਘ ਦੇ ਪੁਤਰ ਦਾ ਵਿਆਹ ਸੀ ਤੇ ਇਸ ਮੌਕੇ ਤੇ ਬਹੁਤ ਸਾਰੇ ਸਿੰਘ ਇਕੱਠੇ ਹੋਏ ਸਨ। ਬਹੁਤ ਸਾਰੇ ਸਿੰਘ ਜੰਵ ਚੜ੍ਹ ਗਏ ਤੇ ਬਾਕੀ ਥੋੜੇ ਜਿਹੇ ਪਿਛੇ ਰਹੇ। ਲਾਗਲੇ ਪਿੰਡ ਮਾੜੀ ਦੇ ਮੁਖਬਰ ਥਾਣੇ ਇਤਲਾਹ ਦੇ ਕੇ ਫ਼ੌਜ ਦਾ ਦਸਤਾ ਚੜ੍ਹਾ ਲਿਆਏ। ਫੌਜ ਨੇ ਆ ਕੇ ਪਿੰਡ ਨੂੰ ਘੇਰ ਲਿਆ ਤੇ ਸਿੰਘਾਂ ਨੂੰ ਫੜਨਾ ਚਾਹਿਆ। ਉਹ ਕਦ ਕਾਬੂ ਆਉਣ ਵਾਲੇ ਸਨ! ੩੦ ਕੁ ਬੰਦੇ ਫ਼ੌਜ ਦੇ ਮਾਰ ਕੇ ਤੇ ਏਨੇ ਕੁ ਜ਼ਖਮੀ ਕਰ ਕੇ ਘੇਰਾ ਤੋੜ ਕੇ ਨਿਕਲ ਗਏ। ਫੌਜ ਨੂੰ ਬੜੀ ਚਿਪ ਚੜ੍ਹੀ। ਜਦ ਸਿੰਘਾਂ ਦੇ ਬਾਲ ਬੱਚੇ ਨੂੰ ਹੱਥ ਪਾਉਣ ਲੱਗੇ ਤਾਂ ਜੋ ਵਿਆਹ ਵਾਲੇ ਘਰ ਵਿਚ ਬਹੁਤ ਸਾਰੀਆਂ ਜ਼ਨਾਨੀਆਂ ਇਕੱਠੀਆਂ ਹੋ ਰਹੀਆਂ ਸਨ, ਉਨ੍ਹਾਂ ਸੋਟੇ ਤੇ ਇੱਟ-ਵੱਟਾ ਫੜ ਲਿਆ। ਉਨ੍ਹਾਂ ਨੂੰ ਵੇਖ ਕੇ ਹੋਰ ਜੱਟੀਆਂ ਵੀ ਸੋਟੇ, ਸਲੰਘਾਂ, ਜੋ ਜਿਸਦੇ ਹੱਥ ਆਇਆਂ, ਫੜ ਕੇ ਉਠ ਪਈਆਂ। ਮਾਰ ਮਾਰ ਕੇ ਫੌਜ ਨੂੰ ਅੱਗੇ ਲਾ ਲਿਆ ਤੇ ਪਿੰਡੋਂ ਦੂਰ ਕੱਢ ਆਈਆਂ। ਇਹੋ ਜਿਹੀਆਂ ਝੜਪਾਂ ਅਨੇਕਾਂ ਪਿੰਡਾਂ ਵਿਚ ਨਿਤ ਹੁੰਦੀਆਂ ਰਹਿੰਦੀਆਂ ਸਨ।

## ਰਾਮੇ ਰੰਧਾਵੇ ਨੇ ਸਿੰਘ ਮਾਰ ਕੇ ਇਨਾਮ ਲਏ–

ਪੜਲ ਕਠੂਹੇ ਵਲੋਂ ੨੦ ਕੁ ਸਿੰਘ ਅੰਮ੍ਰਿਤਸਰ ਨੂੰ ਦਰਸ਼ਨ ਕਰਨ ਲਈ ਆ ਰਹੇ ਸਨ। ਇਹ ਰਾਤ ਕਟਣ ਲਈ ਪਿੰਡ ਘਣੀਏ ਰੰਧਾਵਿਆਂ ਦੇ ਆਣ ਉਤਰੇ। ਰਾਮੇ ਰੰਧਾਵੇ ਨੂੰ ਇਨ੍ਹਾਂ ਦੀ ਖ਼ਬਰ ਕਿਸੇ ਜਾ ਪਹੁੰਚਾਈ। ਰਾਮਾ ਰੰਧਾਵਾ ਇਸ ਤਪੇ ਦਾ ਚੌਧਰੀ, ਸਰਕਾਰ ਦਾ ਹਮਦਰਦ, ਵੱਡਾ ਚੁਗਲ ਤੇ ਸਿੱਖਾਂ ਦਾ ਪੁੱਜ ਕੇ ਵੈਰੀ, ਫੌਜ ਚੜ੍ਹਾ ਕੇ ਲੈ ਆਇਆ। ਰਾਮੇ ਦਾ ਫ਼ੌਜੀ ਦਸਤਾ ਕਾਫ਼ੀ ਗਿਣਤੀ ਵਿਚ ਸੀ। ਸਿੰਘਾਂ ਨੇ ਡਟ ਕੇ ਟਾਕਰਾ ਕੀਤਾ ਤੇ ਆਪਣੇ ਨਾਲੋਂ ਕਿਤੇ ਵਧ ਗਿਣਤੀ ਨੂੰ ਮਾਰ ਕੇ ਇਹ ੨੦ ਸਿੰਘ ਸ਼ਹੀਦ ਹੋ ਗਏ। ਰਾਮੇ ਚੌਧਰੀ ਨੇ ਇਨ੍ਹਾਂ ਦੇ ਸਿਰ ਵਢ ਕੇ ਲਾਹੌਰ ਪਹੁੰਚਾਏ ਤੇ ਇਨਾਮ ਲੈ ਲਿਆ।

## ਰਾਜ਼ ਗਰਦੀ ਕਰਕੇ ਦੇਸ ਦੀ ਮੰਦੀ ਹਾਲਤ–

ਭਾਈ ਤਾਰਾ ਸਿੰਘ ਜੀ ਦੀ ਸ਼ਹਾਦਤ ਤੋਂ ਪਿਛੋਂ ਕਈ ਸਾਲਾਂ ਤਕ ਇਹ ਰਾਜ-ਰੌਲਾ ਮੱਚਿਆ ਰਿਹਾ। ਗਸ਼ਤੀ ਫ਼ੌਜ ਸਿੰਘਾਂ ਨੂੰ ਦਬਾਉਣ ਵਿਚ ਸਫਲ ਨਾ ਹੋ ਸਕੀ। ਇਸ ਰਾਮ-ਰੌਲੇ ਨੇ ਰੁਕਣਾ ਕੀ ਸੀ, ਉਲਟਾ ਵਧਦਾ ਹੀ ਗਿਆ। ਸਿੰਘਾਂ ਨੂੰ ਸਰਕਾਰੀ ਮਾਲ ਅਸਬਾਬ ਤੇ ਖ਼ਜ਼ਾਨਿਆਂ ਦੀ ਲੁਟ-ਮਾਰ ਕਰਦਿਆਂ ਨੂੰ ਵੇਖ ਕੇ ਸਾਰੇ ਮੁਲਕ ਦੇ ਲੁਟੇਰੇ, ਕੀ ਹਿੰਦੂ ਕੀ ਮੁਸਲਮਾਨ, ਇਕ ਦੂਸਰੇ ਨੂੰ ਲੁਟਣ ਉਠ ਪਏ। ਸਾਰੇ ਪੰਜਾਬ ਤੇ ਮਾਲਵੇ ਵਿਚ ਦਿਨ ਰਾਤ ਬੰਦੂਕਾਂ ਚਲਦੀਆਂ ਤੇ ਠਾਹ ਠਾਹ ਹੁੰਦੀ ਰਹਿੰਦੀ। ਪਸ਼ੂ ਡੰਗਰ, ਘਰੇਲੂ ਚੀਜ਼ ਵਸਤ, ਖੇਤ ਫਸਲ, ਤੀਵੀਂ ਮੁੰਡਾ ਕੁੜੀ ਕਿਸੇ ਦਾ ਸੁਰੱਖਿਅਤ ਨਾ ਰਿਹਾ। ਰਾਤ ਦਿਨ ਕਟਕ ਪਏ ਚੜ੍ਹਨ, ਛੋਟੇ ਪਿੰਡ ਉਜੜ ਗਏ। ਬਾਗ਼ੀਂ ਕੋਹੀ ਦੀ ਵਾ ਬਲਣ ਲੱਗਾ। ਜਿਹੜੇ ਪਿੰਡ ਬਚੇ ਰਹੇ, ਉਨ੍ਹਾਂ ਦੇ ਚੁਫੇਰੇ ਕੋਟ ਖਾਈ ਦਰਵਾਜ਼ੇ ਬੁਰਜ ਬਣ ਗਏ। ਬੁਰਜਾਂ ਉਤੇ ਟਮਕ ਜਾਂ ਢੋਲ ਨਗਾਰੇ ਰਖੇ ਰਹਿੰਦੇ। ਵਾਰੀ ਸਿਰ ਪਿੰਡਾਂ ਦੇ ਲੋਕ ਬੁਰਜਾਂ ਜਾਂ ਉੱਚੇ ਉੱਚੇ ਰੁਖਾਂ ਤੇ ਟਾਂਗੂ ਬੈਠੇ ਰਹਿੰਦੇ। ਜਦ ਕਿਸੇ ਪਾਸਿਓਂ ਕਟਕ ਆਉਣ ਦੀ ਧੂੜ ਗਰਦ ਦਿਸਦੀ, ਟਾਂਗੂ ਟਮਕ ਤੇ ਚੋਟ ਲਾ ਦੇਂਦੇ ਜਿਸ ਨੂੰ ਸੁਣ ਕੇ ਲੋਕ ਬੰਦੂਕਾਂ, ਤੀਰ ਕਮਾਨ, ਗੋਪੀਏ, ਨੇਜ਼ੇ, ਬਰਛੇ, ਤਲਵਾਰਾਂ ਤੇ ਇੱਟ-ਵੱਟਾ ਲੈ ਕੇ ਬਾਹਰੀ ਕੋਟ ਉਤੇ ਬਣੇ ਮੋਰਚਿਆਂ ਵਿਚ ਜਾ ਬੈਠਦੇ। ਧਾੜਵੀ ਜਦ ਲਾਗੇ ਢੁਕਦੇ ਤਾਂ ਮੋਰਚਿਆਂ ਵਾਲੇ ਆਪਣੇ ਹਥਿਆਰਾਂ ਨਾਲ ਵਾਰ ਕਰਦੇ ਤੇ ਜੇ ਜ਼ੋਰ ਪੈ ਜਾਂਦਾ ਤਾਂ ਕਟਕ ਵਾਲੇ ਮਾਰ ਖਾ ਕੇ ਪਿਛਾਂਹ ਹਟ ਜਾਂਦੇ। ਜਿਥੇ ਧਾੜਵੀਆਂ ਦਾ ਬਲ ਪੈ ਜਾਂਦਾ, ਉਹ ਮੋਰਚੇ ਤੋੜ ਕੇ ਪਿੰਡ ਦੇ ਅੰਦਰ ਜਾ ਵੜਦੇ। ਕਈ ਆਦਮੀ ਮਾਰੇ ਜਾਂਦੇ। ਜੋ ਜਿਸ ਦੇ ਹੱਥ ਆਉਂਦਾ, ਲੈ ਕੇ ਰਾਹੇ ਪੈਂਦਾ। ਕਈ ਵਾਰ ਅੱਗ ਲਾ ਕੇ ਪਿੰਡ ਹੀ ਸਾੜ ਦਿਤਾ ਜਾਂਦਾ।

ਕਈ ਥਾਈਂ ਇੰਜ ਵੀ ਹੁੰਦਾ ਕਿ ਆਪਣੇ ਜਾਨ ਮਾਲ ਤੇ ਇਜ਼ਤ ਆਬਰੂ ਨੂੰ ਬਚਾ ਲੈਣ ਲਈ ਪਿੰਡ ਦੇ ਬਹਾਦਰ ਲੋਕ ਢੋਲ ਵਜਾ ਕੇ ਪਿੰਡੋਂ ਬਾਹਰ ਨਿਕਲ ਕੇ ਕਟਕ ਤੇ ਟੁਟ ਪੈਂਦੇ। ਮਾਰੋ ਮਾਰ ਕਰ ਕੇ ਕਟਕ ਨੂੰ ਹੀ ਲੁਟ ਲੈਂਦੇ, ਜੋ ਕਾਬੂ ਆਉਂਦਾ, ਮਾਰ ਮੁਕਾਉਂਦੇ ਜਾਂ ਲਤਾਂ ਬਾਹਾਂ ਭੰਨ ਕੇ ਥਾਣੇ ਵਿਚ ਜਾ ਸੁਟਦੇ। ਦਿਨ ਰਾਤ


www.AKJ.Org

ਡਾਕੇ, ਧਾੜੇ ਖ਼ੂਨ ਹੁੰਦੇ ਰਹਿੰਦੇ। ਇਸ ਮੰਦੀ ਹਾਲਤ ਦੀ ਰੋਕ-ਥਾਮ ਤੇ ਬੰਦੋਬਸਤ ਕਰ ਲੈਣਾ ਕਿਸੇ ਹਾਕਿਮ ਦੇ ਵੱਸ ਦੀ ਗੱਲ ਨਹੀਂ ਸੀ। ਦਿਨ ਛਿਪਦੇ-ਸਾਰ ਪਿੰਡਾਂ ਦੇ ਦਰਵਾਜ਼ੇ ਲਗ ਜਾਂਦੇ ਤੇ ਚਾਰ ਘੜੀ ਦਿਨ-ਚੜ੍ਹੇ ਖੁਲ੍ਹਦੇ। ਘਰੋਂ ਬਾਹਰ ਗਏ ਕਿਸੇ ਦੀ ਵੀ ਆਸ ਨਾ ਰਹਿੰਦੀ ਕਿ ਭੋਂ ਕੇ ਜੀਊਂਦਾ ਘਰ ਪਰਤ ਸਕੂ। ਬਾਹਰ ਚਰਨ ਗਿਆ ਮਾਲ ਜੇ ਸਹੀ ਸਲਾਮਤ ਵਾਪਸ ਆ ਜਾਂਦਾ ਤਾਂ ਆਪਣਾ ਸਮਝ ਲਿਆ ਜਾਂਦਾ। ਇਸੇ ਤਰ੍ਹਾਂ ਔਰਤਾਂ, ਮੁੰਡੇ ਕੁੜੀਆਂ ਦਾ ਹਾਲ ਸੀ। ਜੋ ਜਿਸ ਦੇ ਹੱਥ ਆਇਆ, ਸੋਈ ਲੈ ਕੇ ਉਡਨ ਛੂਅ ਹੋ ਗਿਆ। ਬਾਹਰੋਂ ਗਊਆਂ ਮਝਾਂ ਨੂੰ ਕਟਕ ਲੈ ਜਾਂਦਾ, ਘਰ ਕਟਰੂ ਵਛਰੂ ਅਰੜਾ ਕੇ ਮਰ ਜਾਂਦੇ। ਕਈ ਵਾਰ ਬਾਹਰ ਹਾਲੀਆਂ ਪਾਲੀਆਂ ਨੂੰ ਨਰੜ ਕੇ ਸੁਟ ਜਾਂਦੇ ਤੇ ਲੀੜਾ ਕਪੜਾ ਉਤਾਰ ਮਾਲ ਡੰਗਰ ਹੱਕ ਕੇ ਲੈ ਜਾਂਦੇ। ਜਿਹੜੇ ਲੋਕ ਜ਼ੋਰ, ਇਤਫ਼ਾਕ ਵਾਲੇ ਤੇ ਮਾਰ-ਖ਼ੋਰੇ ਸਨ, ਉਨ੍ਹਾਂ ਦਾ ਸਾਹ ਸੌਖਾ ਨਿਕਲਦਾ ਸੀ, ਦੂਸਰਿਆਂ ਦਾ ਮੂਲੋਂ ਮੰਦਾ ਹਾਲ। ਫਿਰ ਵੀ ਇਕ ਗੱਲ ਚੰਗੀ ਸੀ ਕਿ ਆਪਣੇ ਆਪਣੇ ਪਿੰਡ ਵਿਚ ਲੋਕ ਇਕ ਦੂਸਰੇ ਦੇ ਸਹਾਈ ਤੇ ਰਾਖੇ ਸਨ। ਕੋਈ ਕਿਸੇ ਨੂੰ ਨਾ ਛੇੜਦਾ, ਆਪਣੇ ਘਰੋਗੀ ਮਾਮਲੇ ਵਡੇਰਿਆਂ ਤੇ ਸਿਆਣੇ ਬਜ਼ੁਰਗਾਂ ਦੀ ਸਿਆਣਪ ਰਾਹੀਂ ਨਜਿੱਠ ਲੈਂਦੇ। ਬਾਹਰਲੇ ਦੁਸ਼ਮਣ ਲਈ ਸਾਰੇ ਇਕੱਠੇ ਹੋ ਜਾਂਦੇ ਸਨ ਤੇ ਇਕ ਦੂਜੇ ਨਾਲੋਂ ਅਗੇ ਵਧ ਕੇ ਆਪਸੀ ਰਾਖੀ ਵਾਸਤੇ ਮਾਰਦੇ ਤੇ ਖਾਂਦੇ। ਧਾੜੇ ਮਾਰਨ ਵਾਲੇ ਝੁੰਡ ਨੂੰ ਲੋਕ ਧਾੜਾ, ਪੇੜਾ, ਕਟਕ ਨਾਮ ਨਾਲ ਪੁਕਾਰਦੇ ਹੁੰਦੇ ਸਨ। ਇਸ ਰਾਜ-ਗਰਦੀ ਦਾ ਮੁਢ ਔਰੰਗਜ਼ੇਬ ਦੇ ਰਾਜ-ਕਾਲ ਸਮੇਂ ਬਝਾ ਸੀ। ਇਸ ਮੁਤਅਸਬੀ ਤੇ ਜਨੂੰਨੀ ਬਾਦਸ਼ਾਹ ਦੇ ਸਤਾਏ ਹੋਏ ਲੋਕ ਅੰਦਰੋ-ਅੰਦਰੀ ਲੂਹਰੀਆਂ ਲੈ ਰਹੇ ਸਨ। ਦਖਣ ਵਿਚ ਮਰਹੱਟੇ, ਜਬਲਪੁਰ ਗਵਾਲੀਅਰ ਆਦਿ ਥਾਵਾਂ ਤੇ ਪੰਡਾਰੇ, ਬੰਗਾਲ ਬਨ੍ਹਾਰ ਅਵਧ ਵਿਚ ਡੱਕ, ਪੰਜਾਬ ਵਿਚ ਸਿਖ ਸ਼ਸਤਰ ਚੁਕ ਕੇ ਮੁਗ਼ਲ-ਰਾਜ ਦੇ ਵਿਰੁਧ ਉਠ ਖੜੇ ਹੋਏ। ਜਿਉਂ ਜਿਉਂ ਇਹ ਜ਼ੁਲਮ ਵਧਿਆ, ਵਿਦਰੋਹ ਤੇਜ਼ ਹੁੰਦਾ ਗਿਆ। ਸਭ ਤੋਂ ਜ਼ਿਆਦਾ ਸਖ਼ਤੀ ਤੇ ਅਤਿਆਚਾਰ ਸਿਖਾਂ ਤੇ ਹੋਇਆ, ਇਸੇ ਲਈ ਪੰਜਾਬ ਵਿਚ ਹੀ ਸਭ ਤੋਂ ਵੱਡੇ ਸਾਕੇ ਹੋਏ। ਮੁਗਲਾਂ ਵਿਚ ਏਨਾ ਸਾਹ-ਸਤ ਨਹੀਂ ਸੀ ਰਹਿ ਗਿਆ ਕਿ ਇਨ੍ਹਾਂ ਦਾ ਮੁਕਾਬਲਾ ਕਰ ਸਕਦੇ। ਰਾਜ ਸਿਮਟ ਕੇ ਦਿੱਲੀ ਦੇ ਲਾਲ ਕਿਲ੍ਹੇ ਦੀਆਂ ਦੀਵਾਰਾਂ ਤਕ ਰਹਿ ਗਿਆ ਸੀ। ਸਾਰਾ ਦੇਸ ਲੁਟੇਰਿਆਂ ਧਾੜਵੀਆਂ ਦੇ ਰਹਿਮ-ਤਰਸ ਤੇ ਸੀ। ਇਹ ਲਹਿਰਾਂ ਮੁਗ਼ਲ ਰਾਜ ਦਾ ਭੋਗ ਪਾ ਕੇ ਹਟੀਆਂ। ਨਾਦਰ ਸ਼ਾਹ ਤੇ ਫਿਰ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਹੁੰਦੇ ਰਹੇ ਤਾਂ ਵੀ ਇਹ ਲੁਟੇਰਿਆਂ ਦਾ ਗ਼ਦਰ ਬਣਿਆ ਰਿਹਾ। ਔਰੰਗਜ਼ੇਬ ਦੇ ਮਰਨ ਤੋਂ ਸੱਠ ਸਾਲ ਬਾਅਦ ਤਕ ਇਹ ਰਾਮ-ਰੌਲਾ ਓਸੇ ਤਰ੍ਹਾਂ ਚਲਦਾ ਰਿਹਾ। ਲੋਟੂਆਂ ਧਾੜਵੀਆਂ ਦੇ ਖ਼ੂਬ ਦਾਅ ਫਬਦੇ ਰਹੇ। ਇਨ੍ਹਾਂ ਨੂੰ ਪੰਜਾਬ ਵਿਚ ਓਦੋਂ ਨੱਥ ਪਈ ਜਦ ਮੁਗ਼ਲ ਰਾਜ ਨੂੰ ਖ਼ਤਮ ਕਰ ਕੇ ਸਿਖ ਮਿਸਲਾਂ ਨੇ ਇਲਾਕੇ ਮੱਲ ਲਏ ਤੇ ਆਪਣਾ ਆਪਣਾ ਬੰਦੋਬਸਤ ਕਾਇਮ ਕਰ ਲਿਆ। ਇਹੋ ਨਿੱਕੇ ਨਿੱਕੇ ਰਾਜ ਰਲ ਕੇ ਫਿਰ ਸਿਖ ਰਾਜ ਬਣਿਆ। ਪਿਛਲੇ ੬੦ ਕੁ ਸਾਲਾਂ ਵਿਚ ਜੋ ਹਜ਼ਾਰਾਂ ਪਿੰਡ ਉਜੜ ਗਏ ਸਨ, ਮੁੜ ਆਣ ਵਸੇ ਤੇ ਪੰਜਾਬ ਵਿਚ ਪੂਰੀ ਤਰ੍ਹਾਂ ਅਮਨ ਚੈਨ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਾਂ ਬੇਸ਼ਕ ਕੋਈ ਜ਼ਨਾਨੀ ਛੱਜੀਂ ਗਹਿਣਾ ਪਾ ਕੇ ਕਿਤੇ ਤੁਰੀ ਫਿਰੇ, ਕੀ ਮਜਾਲ ਕੋਈ ਅੱਖ ਭਰ ਕੇ ਵੀ ਵੇਖ ਸਕੇ। ਸ਼ੇਰ ਬਕਰੀ ਇਕ ਘਾਟ ਪਾਣੀ ਪੀਂਦੇ ਸਨ। ਜਦ ਮਿਸਲਾਂ ਨੇ ਇਲਾਕੇ ਮਾਰੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਲੁਟੇਰਿਆਂ ਨੂੰ ਹੀ ਨੱਥ ਪਾਈ ਸੀ। ਪਚਾਧੇ, ਭੱਟੀ, ਡੋਗਰ, ਬਲੋਚ ਓਡ, ਖਰਲ, ਬੈਰਾੜ ਆਦਿ ਐਸੇ ਸਿਧੇ ਕੀਤੇ ਕਿ ਉੱਚੀ ਸਾਹ ਨਾ ਲੈਣ।

ਪੰਜਾਬ ਵਿਚ ਇਸ ਤੋਂ ਪਹਿਲਾਂ ਜਿਉਂ ਜਿਉਂ ਮੁਸਲਮਾਨ ਹਾਕਿਮ ਸਿੱਖਾਂ ਉਤੇ ਜ਼ੁਲਮ ਕਰਦੇ ਰਹੇ, ਉਨ੍ਹਾਂ ਦੇ ਮੁਕਾਬਲੇ ਵਿਚ ਸਿਖ ਲਹਿਰ ਓਨੀ ਹੀ ਤਿੱਖੀ ਤੋਂ ਵੀ ਤਿੱਖੀ ਹੁੰਦੀ ਗਈ ਤੇ ਰਾਮ ਰੌਲਾ ਵਧਦਾ ਗਿਆ। ਫ਼ੌਜ ਤਾਂ ਸਿੰਘਾਂ ਨਾਲ ਉਲਝੀ ਹੋਈ ਸੀ, ਜਿਸ ਕਰਕੇ ਲੁਟੇਰਿਆਂ ਲਈ ਮੈਦਾਨ ਖੁਲ੍ਹਾ ਸੀ ਤੇ ਉਨ੍ਹਾਂ ਦੇ ਪੌਂ ਬਾਰਾਂ ਸਨ।

ਲੁਟੇਰਿਆਂ ਦਾ ਕੋਈ ਦੀਨ ਧਰਮ ਨਹੀਂ ਹੁੰਦਾ, ਨਾ ਹੀ ਉਨ੍ਹਾਂ ਦਾ ਕੋਈ ਧਾਰਮਿਕ ਜਾਂ ਰਾਜਸੀ ਨਿਸ਼ਾਨਾ ਹੀ ਹੁੰਦੈ। ਉਨ੍ਹਾਂ ਦਾ ਇਕੋ ਪ੍ਰਮੁਖ ਉਦੇਸ਼ ਜ਼ਿਆਦਾ ਤੋਂ ਜ਼ਿਆਦਾ ਧਨ ਦੌਲਤ ਦਾ ਇਕੱਠਾ ਕਰਨ,



www.AKJ.Org

ਹੁੰਦਾ ਹੈ। ਜਿਸ ਲਈ ਉਹ ਕਿਸੇ ਨੂੰ ਮਾਰਨਾ, ਲੁਟਣਾ, ਬੇਪਤ ਕਰਨਾ, ਘਰ ਤੇ ਫਸਲ ਫੂਕਣਾ, ਮਾਲ ਡੰਗਰ ਹੱਕ ਲੈ ਜਾਣ ਨੂੰ ਆਪਣੀ ਕਾਰਵਾਈ ਦਾ ਅੰਗ ਸਮਝਦੇ ਹਨ। ਉਨ੍ਹਾਂ ਦੀ ਨਿਗਾਹ ਵਿਚ ਇਹ ਬੇਇਨਸਾਫ਼ੀ ਨਹੀਂ ਹੁੰਦੀ। ਲੋਕਾਂ ਦੇ ਤਰਲੇ-ਵਾਸਤੇ, ਹਾਹਾਕਾਰ, ਬਹੁੜੀ-ਦੁਹਾਈ ਉਨ੍ਹਾਂ ਪੱਥਰ-ਦਿਲਾਂ ਤੇ ਕੋਈ ਅਸਰ ਨਾ ਕਰਦੀ। ਮਾਲ-ਧਨ ਇਕੱਠਾ ਕਰਨ ਵਿਚ ਉਹ ਬੜੇ ਬੜੇ ਜ਼ੁਲਮ ਤੇ ਕਹਿਰ ਕਮਾਣੋਂ ਨਹੀਂ ਝਿਜਕਦੇ। ਬੰਦਾ ਸਿੰਘ ਬਹਾਦਰ ਸਮੇਂ ਬਹੁਤ ਸਾਰੇ ਲੁਟੇਰੇ ਤੇ ਚਰਿਤਰ-ਹੀਣ ਲੋਕ ਉਸ ਦੀਆਂ ਫੌਜਾਂ ਵਿਚ ਸ਼ਾਮਲ ਹੋ ਗਏ ਸਨ। ਉਸ ਪਾਸ ਹਕੂਮਤ ਚਲਾਉਣ ਲਈ ਕੋਈ ਢੁਕਵਾਂ ਤੇ ਯੋਗ ਕੇਡਰ (ਅਮਲਾ, ਨਫ਼ਰੀ) ਨਹੀਂ ਸੀ। ਇਹ ਲੋਕ ਖ਼ੂਬ ਖੁਲ੍ਹ ਖੇਲੇ, ਲੋਕਾਂ ਤੇ ਬੜੇ ਅੱਤਿਆਚਾਰ ਕੀਤੇ। ਬੜੀ ਵੱਡੀ ਪੱਧਰ ਤੇ ਲੋਕਾਂ ਦੀ ਲੁਟ ਘਸੁਟ ਹੋਈ। ਸਿਖ ਇਸ ਦੇ ਬਿਲਕੁਲ ਬਰਖ਼ਿਲਾਫ਼ ਸਨ, ਪਰ ਉਹ ਲੁਟੇਰਿਆਂ ਨੂੰ ਨੱਥ ਨਾ ਪਾ ਸਕੇ। ਇਨ੍ਹਾਂ ਨੇ ਜੋ ਵੀ ਬੁਰੇ ਤੋਂ ਬੁਰਾ ਕਰਮ ਕੀਤਾ, ਸਭ ਬੰਦਾ ਸਿੰਘ ਤੇ ਉਸਦੇ ਸਾਥੀ ਸਿੰਘਾਂ ਦੇ ਨਾਂ ਵਰ੍ਹਿਆ। ਲਹਿਰ ਬਦਨਾਮ ਹੋਈ। ਬੰਦਾ ਸਿੰਘ ਦੇ ਸਾਰੇ ਚੰਗੇ ਕੰਮਾਂ ਨੂੰ ਮਿੱਟੀ ਵਿਚ ਮਿਲਾ ਦਿਤਾ। ਸਿਖ ਆਮ ਮੁਸਲਮਾਨ ਵਸੋਂ ਨੂੰ ਕੁਝ ਨਹੀਂ ਸਨ ਕਹਿੰਦੇ, ਪਰ ਸਰਕਾਰ ਤੇ ਮੁਲਾਣਿਆਂ ਨੇ ਬੜੀ ਚਾਲਾਕੀ ਨਾਲ ਸਿਖ ਲਹਿਰ, ਜੋ ਮੁਗ਼ਲ ਰਾਜ ਦੇ ਜ਼ੁਲਮ ਖਿਲਾਫ਼ ਲੜ ਰਹੀ ਸੀ ਤੇ ਜ਼ੁਲਮੀ ਚੱਕੀ ਵਿਚ ਮੁਸਲਮਾਨ ਆਬਾਦੀ ਵੀ ਬਰਾਬਰ ਦੀ ਪੀਸੀ ਜਾ ਰਹੀ ਸੀ, ਨੂੰ ਮੁਸਲਮਾਨ-ਵਿਰੋਧੀ ਬਣਾ ਕੇ ਰਖ ਦਿੱਤਾ। ਆਮ ਲੋਕੀਂ ਜੋ ਸਰਕਾਰ ਦੇ ਸਤਾਏ ਹੋਏ ਤੇ ਨਿਰਪੱਖ ਸਨ, ਗ਼ਲਤ ਪਰਚਾਰ ਦਾ ਸ਼ਿਕਾਰ ਹੋ ਕੇ, ਜਹਾਦ ਲਈ ਉੱਠ ਖੜੇ ਹੋਏ ਤੇ ਗਾਜ਼ੀ ਬਣ ਬਣ, ਸਿੱਖਾਂ ਵਿਰੁਧ ਲੜਨ ਲੱਗੇ। ਤੁਅਸਬ ਵਿਚ ਇਹ ਲੋਕ ਏਨੇ ਅੰਨ੍ਹੇ ਕੀਤੇ ਹੋਏ ਸਨ ਕਿ ਉਨ੍ਹਾਂ ਨੂੰ ਓਦੋਂ ਵੀ ਸਮਝ ਨਾ ਆਈ ਜਦ ਉਨ੍ਹਾਂ ਅਖੀਂ ਵੇਖ ਲਿਆ ਸੀ ਕਿ ਜਿਨ੍ਹਾਂ ਦੇ ਖਿਲਾਫ਼ ਉਹ ਲੜ ਰਹੇ ਹਨ, ਉਹ ਸਮਰੱਥਾ ਵਿਚ ਹੁੰਦੇ ਹੋਏ ਵੀ ਮੁਸਲਮਾਨ-ਵਸੋਂ ਨੂੰ ਕੁਝ ਨਹੀਂ ਸਨ ਕਹਿੰਦੇ। ਪਰ ਬੁਰਾ ਹੋਵੇ ਲੁਟੇਰਿਆਂ ਦਾ, ਜਿਨ੍ਹਾਂ ਇਹ ਜ਼ੁਲਮ ਵਰਤਾਇਆ ਤੇ ਨਾਲ ਹੀ ਲਾਅਨਤ ਇਨ੍ਹਾਂ ਜਨੂੰਨੀ ਮੁਲਾਣਿਆਂ ਤੇ, ਜਿਨ੍ਹਾਂ ਸਾਧਾਰਨ ਤੇ ਮਾਸੂਮ ਮੁਸਲਮਾਨਾਂ ਦੀ ਨਜ਼ਰ ਤੇ ਸੋਚ ਨੂੰ ਧੁੰਦਲਾ ਕਰ ਛਡਿਆ।

ਜ਼ਕਰੀਆ ਖ਼ਾਨ ਦੇ ਸਮੇਂ ਵੀ ਲੁਟੇਰਿਆਂ ਇਹੋ ਗੁਲ ਖਿਲਾਏ। ਇਨ੍ਹਾਂ ਵਹਿਸ਼ੀ ਡਾਕੂਆਂ ਲੁੱਟੂਆਂ ਦੇ ਕਾਲੇ ਕਾਰਨਾਮੇ ਸਿੱਖਾਂ ਦੇ ਮੱਥੇ ਵੱਜੇ। ਮੁਲਕ ਵਿਚ ਫੈਲੀ ਅੰਨ੍ਹੇਰ-ਗਰਦੀ, ਜੋ ਸਿੱਖਾਂ ਸਿਰ ਲੱਗੀ, ਨੂੰ ਠੱਲ੍ਹ ਪਾਉਣ ਲਈ ਗਸ਼ਤੀ ਫ਼ੌਜ ਸਾਰਾ ਜ਼ੋਰ ਲਾ ਹਾਰ ਥਕੀ, ਪਰ ਤਹਿ ਨਾ ਬੈਠਾ ਸਕੀ। ਸਰਕਾਰ ਨੇ ਸਿੱਖਾਂ ਨਾਲ ਵਧੀਕੀਆਂ ਕਰ ਕੇ ਇਹ ਬਿਪਤਾ ਆਪ ਸਹੇੜੀ ਸੀ। ਸਿੱਖ ਨਾ ਹਥਿਆਰ ਚੁਕਦੇ ਤਾਂ ਲੁਟੇਰਿਆਂ ਨੂੰ ਵੀ ਮੌਕਾ ਹੱਥ ਨਾ ਆਉਂਦਾ। ਹਕੀਕਤ ਨੂੰ ਸਮਝਣ ਦੀ ਥਾਂ ਖ਼ਾਨ ਬਹਾਦਰ ਨੇ ਹੈਂਕੜ-ਵੱਸ ਹੋ ਕੇ ਸਿੱਖਾਂ ਨੂੰ ਹੀ ਮਾਰ ਮੁਕਾਉਣ ਲਈ ਲੱਕ ਬੰਨ੍ਹ ਲਿਆ। ਉਸ ਨੂੰ ਇਹ ਭਰਮ ਸੀ ਕਿ ਮੁਗ਼ਲ ਰਾਜ ਬਹੁਤ ਵਿਸ਼ਾਲ ਤੇ ਸ਼ਕਤੀ ਸ਼ਾਲੀ ਹੈ, ਇਹ ਸਿੱਖ ਕੌਣ ਵਿਚਾਰੇ ਹਨ ਜੋ ਸਾਡੇ ਮੂਹ ਆਉਣ। ਜਦ ਗਸ਼ਤੀ ਫ਼ੌਜ ਘਟਾ ਛਾਣ ਕੇ ਰਹਿ ਗਈ ਤਾਂ ਉਸ ਨੇ ਇਕ ਹੋਰ ਚਾਲ ਚੱਲੀ। ਸਿੱਖਾਂ ਦੀ ਸਦਾ ਲਈ ਕਤਲਾਮ ਦਾ ਹੁਕਮ ਤਾਂ ਬਹਾਦਰ ਸ਼ਾਹ ਹੀ ਦਸੰਬਰ ੧੭੧੦ ਈ: ਵਿਚ ਜਾਰੀ ਕਰ ਗਿਆ ਸੀ। ਕਤਲਾਮ ਤਾਂ ਓਦੋਂ ਦੀ ਹੀ ਜਾਰੀ ਸੀ, ਪਰ ਕਈ ਹਾਕਿਮਾਂ ਨੇ ਸਮੇਂ ਸਮੇਂ ਇਸ ਉਤੇ ਜ਼ਿਆਦਾ ਸਖ਼ਤੀ ਨਾਲ ਕਾਰਵਾਈ ਕੀਤੀ। ਸਭ ਤੋਂ ਜ਼ਿਆਦਾ ਤੁਖ਼ਣਾ, ਮੁਲਾਣੇ, ਹਾਕਿਮਾਂ ਨੂੰ ਦੇਂਦੇ ਸਨ ਕਿ ਮੁਸਲਮਾਨੀ ਰਾਜ ਤਾਂ ਸਦੀਵੀ ਕਾਇਮ ਰਹਿ ਸਕਦੈ ਜੇ ਸਿੱਖ ਮਾਰ ਮੁਕਾਏ ਜਾਣ। ਪੱਥਰ-ਦਿਲ ਤੇ ਖਰ-ਦਿਮਾਗ ਸ਼ੈਤਾਨੀ ਨਸਲ ਮੁਲਾਣਿਆਂ ਨੇ ਸਿੱਖਾਂ ਦੀ ਮੌਤ ਨਾਲ ਇਸਲਾਮ ਦੀ ਸੇਵਾ ਤੇ ਸਵਾਬ ਦੇ ਝਾਂਸੇ ਦੀ ਕੁੰਡੀ ਹਰ ਮੁਸਲਮਾਨ ਦੇ ਸੰਘ ਵਿਚ ਬੁਰੀ ਤਰ੍ਹਾਂ ਫਸਾਈ ਹੋਈ ਸੀ, ਜਿਸ ਤੋਂ ਉਹ ਛੁਟਕਾਰਾ ਪਾ ਹੀ ਨਹੀਂ ਸਨ ਸਕਦੇ। ਹਾਕਿਮਾਂ ਲਈ ਇਹ ਲਾਲਚ ਤੇ ਝੂਠਾ ਵਾਹਿਦਾ "ਖੁਰਮੇ ਨਾਲੇ ਸਵਾਬ" ਮੱਤ ਮਾਰਨ ਵਾਲਾ ਐਸਾ ਨਸ਼ਾ ਸੀ ਜਿਸ ਦਾ ਤੋੜ ਹੀ ਕੋਈ ਨਹੀਂ। ਦਿਮਾਗਾਂ ਨੂੰ ਜੋ ਜੰਦਰੇ ਸਦੀਵੀ ਤੌਰ ਤੇ ਵੱਜ ਚੁਕੇ ਸਨ, ਉਨ੍ਹਾਂ ਦੀਆਂ ਚਾਬੀਆਂ ਮੁਫ਼ਤੀਆਂ ਮੌਲਾਣਿਆਂ


www.AKJ.Org

ਪਾਸ ਸਨ, ਨਾ ਉਹ ਦੇਣ ਤੇ ਨਾ ਇਹ ਖੁਲ੍ਹਣ। ਮੁਸਲਮਾਨ ਦੀ ਕੁਦਰਤੀ ਤੇ ਸੂਖਮ ਸੋਚ ਹਿਮਾਲੀਆ ਪਹਾੜ ਥਲੇ ਦਫਨ ਕਰ ਦਿਤੀ ਗਈ ਸੀ। ਜ਼ਕਰੀਆ ਖ਼ਾਨ ਸਚਾਈ ਤੱਕ ਕਿਵੇਂ ਪਹੁੰਚੇ। ਉਸ ਨੇ ਸਾਰੇ ਪੰਜਾਬ ਵਿਚ ਢੰਡੋਰੇ ਪਿਟਾ ਕੇ ਇਕ ਐਲਾਨ ਕਢਿਆ ਕਿ "ਜੋ ਕਿਸੇ ਸਿੱਖ ਦੀ ਦਸ ਪਾਵੇ ਉਸ ਨੂੰ ਦਸ ਰੁਪਏ ਇਨਾਮ, ਜੋ ਪਕੜਾਵੇ ਉਸ ਨੂੰ ਪੰਜੀ ਰੁਪਏ, ਤੇ ਜੋ ਸਿਰ ਪੇਸ਼ ਕਰੇ ਉਸ ਨੂੰ ਸੌ ਰੁਪਏ ਇਨਾਮ ਮਿਲੇਗਾ। ਸਿੱਖਾਂ ਦੀ ਅਲਖ ਮੁਕਾਉਣ ਵਿਚ ਜੋ ਵਧੇਰੇ ਸੇਵਾ ਕਰੇਗਾ ਉਸ ਨੂੰ ਜਾਗੀਰ ਵੀ ਦਿਤੀ ਜਾਵੇਗੀ।"[2] ਇਸ ਦਾ ਨਤੀਜਾ ਇਹ ਹੋਇਆ ਕਿ ਗਸ਼ਤੀ ਫੌਜਾਂ ਨਾਲ ਪਿੰਡਾਂ ਦੇ ਚੌਧਰੀ ਤੇ ਉਨ੍ਹਾਂ ਦੀਆਂ ਵਾਹਰਾਂ ਵੀ ਫਿਰਨ ਲੱਗ ਪਈਆਂ। ਇਹ ਸ਼ਿਕਾਰੀ ਕੁੱਤਿਆਂ ਵਾਂਗ ਸਿੰਘਾਂ ਦੀ ਭਾਲ ਪਿਛੇ ਫਿਰਨ ਲੱਗ ਪਏ। ਸਾਰਾ ਦੇਸ ਉਜੜ ਗਿਆ। ਕੁਝ ਸਿੰਘਾਂ ਲੁਟ ਲਿਆ ਤੇ ਰਹਿੰਦਾ ਸ਼ਾਹੀ ਫ਼ੌਜਾਂ ਨੇ।[3] ਅਨੇਕਾਂ ਲੋਕ ਬੇਗਾਰ ਵਿਚ ਫੜੇ ਗਏ। ਕੋਈ ਸਿੱਖ ਕਿਸੇ ਪਿੰਡ ਵਿਚ ਨਾ ਰਿਹਾ। ਬਾਲ, ਬੁਢੇ ਤੇ ਜ਼ਨਾਨੀਆਂ ਦਰਿਆ ਟਪਾ ਕੇ ਮਾਲਵੇ ਛੱਡ ਆਏ ਤੇ ਜਵਾਨ ਜਵਾਨ ਸਿੰਘ ਜਥੇ ਬਣਾ ਕੇ ਫਿਰਨ ਲੱਗ ਪਏ। ਸੈਂਕੜੇ ਚੁਗਲਾਂ ਨੇ ਫੜਾ ਦਿਤੇ, ਜੋ ਲਾਹੌਰ ਲੈ ਜਾ ਕੇ ਕਤਲ ਕੀਤੇ ਗਏ। ਕਈ ਦੁਸ਼ਟਾਂ ਨੇ ਹਿੰਦੂਆਂ ਦੀਆਂ ਲੜਕੀਆਂ ਦੇ ਸਿਰ ਕੱਟ ਕੇ ਵਾਲਾਂ ਤੋਂ ਫੜ ਕੇ ਸਿੱਖ ਮੁੰਡਿਆਂ ਦੇ ਸਿਰ ਦਸ ਕੇ ਦਰੋਗਿਆਂ ਨਾਲ ਮਿਲ ਮਿਲਾ ਕੇ ਇਨਾਮ ਲਏ। ਜਿਨ੍ਹਾਂ ਮੁਖਬਰਾਂ ਨੇ ਸਿੱਖਾਂ ਨੂੰ ਫੜਾ ਕੇ ਇਨਾਮ ਲਏ ਸਨ, ਉਨ੍ਹਾਂ ਨੂੰ ਰਾਠ ਸਿੰਘਾਂ ਨੇ ਫੜ ਫੜ ਕੇ ਸੋਧਿਆ। ਕੋਈ ਸ਼ੱਕ ਨਹੀਂ ਕਿ ਇਸ ਕਾਰਵਾਈ ਵਿਚ ਬਹੁਤ ਸਾਰੇ ਸਿੱਖ ਮਾਰੇ ਗਏ, ਪਰ ਉਨ੍ਹਾਂ ਆਪਣਾ ਹੱਠ ਤੇ ਸੁਭਾਅ ਨਾ ਛੱਡਿਆ। ਜਦ ਸਾਰੇ ਦੇਸ ਦੀ ਫਸਲ ਵਾੜੀ ਤੇ ਮਾਲ ਡੰਗਰ ਬਰਬਾਦ ਹੋ ਗਏ ਤਾਂ ਲੋਕਾਂ ਪਾਸ ਸਰਕਾਰੀ ਮਾਮਲਾ ਤਾਰਨ ਨੂੰ ਧੇਲਾ ਵੀ ਨਾ ਰਿਹਾ।

[ਚਲਦਾ]

### ਹਵਾਲੇ ਤੇ ਫੁਟਨੋਟ

੧. ਗਿਆਨੀ ਗਿਆਨ ਸਿੰਘ—ਪੰਥ ਪ੍ਰਕਾਸ਼, ਸਫ਼ਾ ੫੦੬

੨. ਸ਼ਮਸ਼ੇਰ ਖਾਲਸਾ (ਉਰਦੂ)—ਸਫ਼ਾ ੪੧; ਕਨਿੰਘਮ—ਸਫ਼ਾ ੮੯; ਮੈਕਗ੍ਰੇਗਰ—ਸਫ਼ਾ ੧੧੩; ਮੈਲਕਮ—ਸਫ਼ਾ ੮੫

੩. ਪੰਥ ਪ੍ਰਕਾਸ਼—ਸਫ਼ਾ ੫੦੪

---

## ਕੀਰਤਨ ਪੂਰਨ ਅਦਬ ਸਤਿਕਾਰ ਨਾਲ

ਅਖੰਡ ਕੀਰਤਨੀ ਜਥੇ ਦਾ ਇਹ ਫ਼ੈਸਲਾ ਹੈ ਕਿ ਕੀਰਤਨ ਭਾਵੇਂ ਕੰਠਾਗਰ ਹੋਵੇ, ਜਾਂ ਅੰਮ੍ਰਿਤ-ਕੀਰਤਨ ਪੋਥੀਆਂ ਤੋਂ, ਕੀਰਤਨ ਸਤਿਗੁਰੂ ਦੀ ਪੂਰਨ ਭੈ-ਭਾਵਨੀ ਵਿਚ ਹੋਵੇ ਅਤੇ ਪਰਸਪਰ ਗੁਰਸਿੱਖੀ ਪਿਆਰ, ਸਤਿਕਾਰ ਤੇ ਪ੍ਰੇਮ-ਭਾਵਨਾ ਹਰ ਹਾਲਤ ਵਿਚ ਕਾਇਮ ਰਖੀ ਜਾਵੇ। ਇਸੇ ਵਿਚ ਹੀ ਗੁਰੂ ਕੀਆਂ ਖ਼ੁਸ਼ੀਆਂ ਹਨ।

(੨) ਕਿਸੇ ਸਾਲਾਨਾ ਸਮਾਗਮ ਦੇ ਨਾਲ ਕੋਈ ਸਮਾਨੰਤਰ (Parallel) ਸਮਾਗਮ ਨਾ ਰਖਿਆ ਜਾਵੇ।

ਦਾਸਰਾ- ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਅੰਮ੍ਰਿਤਸਰ

---

## ਅੰਬਾਲਾ ਕੈਂਟ ਗੁ: ਗੋਬਿੰਦਨਗਰ ਵਿਚ ਸਾਲਾਨਾ ਕੀਰਤਨ ਸਮਾਗਮ

੧੩ ਤੋਂ ੧੫ ਅਗਸਤ ਸ੍ਰੀ ਅਖੰਡਪਾਠ ਗੁਰਦਵਾਰਾ ਗੋਬਿੰਦ ਨਗਰ ਵਿਖੇ

੧੫ ਅਗਸਤ ਸਵੇਰੇ ਭੋਗ ਅਖੰਡਪਾਠ ਉਪਰੰਤ ਇਕ ਵਜੇ ਦੁਪਹਿਰ ਤਕ ਕੀਰਤਨ, ਸ਼ਾਮ ੫ ਵਜੇ ਅਰੰਭ ਅੰਮ੍ਰਿਤ ਸੰਚਾਰ ਗੁਰਦਵਾਰਾ ਗੋਬਿੰਦ ਨਗਰ, ਸ਼ਾਮ ੭ ਵਜੇ ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ, ੧੬ ਅਗਸਤ ਐਤਵਾਰ ਸਵੇਰੇ ੬ ਵਜੇ ਸਮਾਪਤੀ।

ਲੰਗਰ ਤੇ ਰਿਹਾਇਸ਼ ਅਸਥਾਨ ਗੁਰਦਵਾਰਾ ਗੋਬਿੰਦ ਨਗਰ,ਅੰਬਾਲਾ ਛਾ: (੨) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।
ਪੁਛ-ਗਿਛ—ਭਾਈ ਹਰਚਰਨ ਸਿੰਘ, ੨੪੩੫ ਡੀ. ਸੀ. ਰੋਡ, ਅੰਬਾਲਾ ਛਾਉਣੀ। (੨) ਕਮੇਟੀ ਗੁ: ਗੋਬਿੰਦ ਨਗਰ ਅੰਬਾਲਾ

ਦਾਸਰੇ—ਅਖੰਡ ਕੀਰਤਨੀ ਜਥਾ, ਅੰਬਾਲਾ



www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਕੇ. ਐਸ. ਭੋਗਲ ਬੰਗਾ | ੧੦੦੦-੦੦ | ਸ: ਹਰਬਖਸ਼ ਸਿੰਘ ਸਰਾਇ ਚੈਥਮ ਯੂ. ਕੇ | |
| ਭਾਈ ਕੁਲਦੀਪ ਸਿੰਘ ਬੰਗਲੌਰ | ੨੦੦-੦੦ | (ਬੀ: ਲਖਬੀਰ ਕੌਰ ਦੀ ਸਲਾਨਾ ਯਾਦ) | ੧੫੦੦-੦੦ |
| ਸ:ਹਰਭਜਨ ਸਿੰਘ ਬੀ:ਦਿਆਲ ਕੌਰ ਜਬਲਪੁਰ | ੩੮੫-੦੦ | ਸ: ਕੇਹਰ ਸਿੰਘ ਬਰਮਿੰਘਮ | ੫੦੦-੦੦ |
| ਮਾਤਾ ਸੁਰਜਨ ਕੌਰ ਬਠਿੰਡਾ | ੬੦੦-੦੦ | ਭਾਈ ਹਰਜੀਤ ਸਿੰਘ ਜਬਲਪੁਰ | ੫੦੦-੦੦ |
| ਸ: ਹੁਕਮ ਸਿੰਘ ਮਾਨਸਾ | ੩੮੦-੦੦ | ਸ: ਪ੍ਰਦੰਮਨ ਸਿੰਘ ਜਲੰਧਰ (ਗੋਲਕ ਫ਼ੰਡ) | ੧੦੦-੦੦ |
| ਸ: ਤੇਜਿੰਦਰ ਸਿੰਘ ਬੱਗਾ ਲੁਧਿਆਣਾ | ੨੦੦-੦੦ | ਸ: ਅਮਰਜੀਤ ਸਿੰਘ ਲੁਧਿਆਣਾ | ੨੦੦-੦੦ |
| ਸ: ਪਰਤਾਪ ਸਿੰਘ ਦਿਲੀ | ੧੦੦੦-੦੦ | ਬੀ: ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਗੁਪਤ ਸੇਵਾ | ੩੦੦੦-੦੦ | ਸ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ |
| ਬੀਬੀ ਹਰਨਾਮ ਕੌਰ ਉਬਰਾਇ ਜਬਲਪੁਰ | ੧੨੫-੦੦ | ਸ: ਮਹਿੰਦਰ ਸਿੰਘ ਲੁਧਿਆਣਾ | ੩੦੦-੦੦ |
| ਸ:ਰਣਜੀਤਸਿੰਘਤੇ ਪਤਨੀ ਬੀ:ਰਣਜੀਤਕੌਰ ਜਲੰਧਰ | ੫੦੦-੦੦ | ਬੀਬੀ ਗੁਰਦਿਆਲ ਕੌਰ ਜਬਲਪੁਰ | ੨੫੭-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਬੇਅੰਤ ਕੌਰ ਮਾਤਾ ਭਾ: ਸੁਰਿੰਦਰ ਸਿੰਘ ਸੈਂਹਸਰਾ—ਪੁਤਰ ਜੇਲ੍ਹ, ਗੁਜ਼ਾਰਾ ਮੁਸ਼ਕਲ | ੪੦੦੦-੦੦ |
| ਸ: ਨਿਰਮਲ ਸਿੰਘ ਅੰਮ੍ਰਿਤਸਰ—ਮਾਤਾ ਪਿਤਾ ਬਿਰਧ, ਕੋਈ ਕਮਾਊ ਨਹੀਂ | ੪੦੦੦-੦੦ |
| ਬੀ: ਦਲਬੀਰ ਕੌਰ ਪਤਨੀ ਭਾਈ ਮੁਖਤਿਆਰ ਸਿੰਘ ਸੁਲਤਾਨਵਿੰਡ ਪਤੀ ਜੇਲ੍ਹ, ਕੋਈ ਕਮਾਊ ਨਹੀਂ | ੪੦੦੦-੦੦ |
| ਬੀ: ਗੁਰਬਚਨ ਕੌਰ ਮਾਤਾ ਭਾ: ਸਰਬਜੀਤ ਸਿੰਘ ਚਾਚੋਕੀ—ਪੁਤਰ ਜੇਲ੍ਹ, ਗੁਜ਼ਾਰਾ ਮੁਸ਼ਕਲ | ੪੦੦੦-੦੦ |
| ਬੀ: ਹਰਮਿੰਦਰ ਕੌਰ ਪਤਨੀ ਸ: ਹਰਬੰਸ ਸਿੰਘ ਛੇਹਰਟਾ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੪੦੦੦-੦੦ |
| ਬੀ: ਪਲਵਿੰਦਰ ਕੌਰ ਪਤਨੀ ਭਾ: ਵਿਰਸਾ ਸਿੰਘ ਪੱਟੀ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਮਨਜੀਤ ਕੌਰ ਪਤਨੀ ਸ਼ਹੀਦ ਬਲਦੇਵ ਸਿੰਘ ਭਾਮੜੀ ਹਰਚੋਵਾਲ—ਪਤੀ ਸ਼ਹੀਦ, ਘਰੇਲੂ ਲੋੜਾਂ | ੪੦੦੦-੦੦ |
| ਬੀ: ਸੁਖਵੰਤ ਕੌਰ ਪਤਨੀ ਭਾ: ਜਗਤਾਰ ਸਿੰਘ ਭਾਮੜੀ ਹਰਚੋਵਾਲ—ਘਰੇਲੂ ਲੋੜਾਂ | ੪੦੦੦-੦੦ |
| ਬੀ: ਕਸ਼ਮੀਰ ਕੌਰ ਮਾਤਾ ਸ਼ਹੀਦ ਸੁਰਜੀਤ ਸਿੰਘ ਭਾਮੜੀ ਹਰਚੋਵਾਲ—ਪੁਤਰ ਸ਼ਹੀਦ, ਘਰੇਲੂ ਲੋੜਾਂ | ੪੦੦੦-੦੦ |
| ਸ: ਲਛਮਣ ਸਿੰਘ ਪਿਤਾ ਭਾ: ਕਸ਼ਮੀਰ ਸਿੰਘ ਨੂਰਪੁਰ—ਪੁਤਰ ਜੇਲ੍ਹ, ਘਰੇਲੂ ਲੋੜਾਂ | ੪੦੦੦-੦੦ |
| ਸ: ਸਤਬੀਰ ਸਿੰਘ ਪੁਤਰ ਸ: ਮਹਿੰਦਰ ਸਿੰਘ ਕੋਟ ਖਾਲਸਾ ਅੰਮ੍ਰਿਤਸਰ—ਜੇਲ੍ਹ ਚੋਂ ਰਿਹਾ, ਹਾਲਤ ਮਾੜੀ | ੫੦੦੦-੦੦ |
| ਸਰਦਾਰਨੀ ਅਮਰ ਕੌਰ ਮਦਰਾਸੀ ਪਰਵਾਰ ਨੂੰ ਸਹਾਇਤਾ ਜੂਨ ਜੁਲਾਈ | ੨੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਬੀਬੀ ਮਨਜੀਤ ਕੌਰ ਮੁਹਾਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੨੦੦-੦੦ |
| ਸੇਵਾਦਾਰ ਗੁਰਦਵਾਰਾ ਜੋਧਪੁਰ | " " " | ੩੦੦-੦੦ |
| ਅਜੀਤ ਸਿੰਘ ਖਨੂਜਾ | ਮਾਤਾ ਭਾਗਵਤੀ ਦੀ ਯਾਦ ਵਿਚ | ੨੫੦-੦੦ |
| ਗੁਪਤ ਦਾਨ | ਸੂਰਾ ਦੀ ਚੜ੍ਹਦੀ ਕਲਾ ਲਈ | ੩੦੦-੦੦ |
| ਪ੍ਰਵਾਰ ਬੀਬੀ ਕਰਤਾਰ ਕੌਰ ਜੋਧਪੁਰ | ਬੀਬੀ ਜੀ ਦੀ ਯਾਦ ਵਿਚ | ੫੦-੦੦ |

---

# ਪਿੰਡਾਂ ਨਗਰਾਂ ਵਿਚ ਕੀਰਤਨ

ਜਿਹੜੇ ਸੱਜਣ ਅਖੰਡ ਕੀਰਤਨੀ ਜਥੇ ਵਲੋਂ ਆਪਣੇ ਪਿੰਡਾਂ ਨਗਰਾਂ ਵਿਚ ਕੀਰਤਨ ਰਖਣਾ ਚਾਹੁੰਦੇ ਹਨ ਉਹ ਸੂਰਾ ਦਫਤਰ ਨਾਲ ਸੰਪਰਕ ਕਰਨ।

---

## ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਦਸ ਰੁਪਏ

www.AKJ.Org

## ਦਿੱਲੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

2 ਅਕਤੂਬਰ (ਸ਼ਾਮ) ਤੋਂ 6 ਅਕਤੂਬਰ 1992 ਸਵੇਰ ਤਕ—ਵੇਰਵਾ ਪ੍ਰੋਗਰਾਮ ਸਤੰਬਰ ਸੂਰਾ ਵਿਚ

---

## ਚੰਡੀਗੜ੍ਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਸਮਾਗਮ

੨੮.੮.੯੨ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ੧੦ ਵਜੇ ਤਕ ਗੁ: ਸ੍ਰੀ ਗੁਰੂ ਸਿੰਘ ਸਭਾ, ੧੯-ਡੀ
ਸ਼ਾਮ ੬ ਤੋਂ ੮-੩੦ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਸੈਕਟਰ ੨੮
੨੯.੮.੯੨ ਸਵੇਰ ੫ ਤੋਂ ਦੁਪਹਿਰ ੧੨ ਤਕ ਅਖੰਡ ਕੀਰਤਨ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ੧੯-ਡੀ
ਸ਼ਾਮ ੬ ਵਜੇ ਅਰੰਭ ਅੰਮ੍ਰਿਤ ਸਿੰਚਾਰ, ੭ ਵਜੇ ਸੋਦਰ ਉਪਰੰਤ ਰੈਣ ਸਬਾਈ ਕੀਰਤਨ ਅਰੰਭ
੩੦.੯.੯੨ ਸਵੇਰੇ ੫ ਵਜੇ ਸਮਾਪਤੀ। ਰਿਹਾਇਸ਼ ਤੇ ਲੰਗਰ ਅਸਥਾਨ—ਗੁ:ਸ੍ਰੀ ਗੁਰੂ ਸਿੰਘ ਸਭਾ,ਸੈਕਟਰ ੧੯-ਡੀ, ਚੰਡੀਗੜ੍ਹ

ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ-ਮੋਹਾਲੀ

---

## ਬਟਾਲਾ ਵਿਖੇ ਸਾਲਾਨਾ ਵਿਆਹ ਪੁਰਬ ਕੀਰਤਨ ਸਮਾਗਮ

੩ ਸਤੰਬਰ ਸਵੇਰੇ ੪ ਤੋਂ ੭ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡਪਾਠ, ਗੁਰੂ ਨਾਨਕ ਖਾਲਸਾ ਕਾਲਜ (ਜਲੰਧਰ ਰੋਡ)
੪ ਸਤੰਬਰ ਸ਼ਾਮ ੬-੩੦ ਤੋਂ ੧੦ ਵਜੇ ਚੌਕੀ ਸੋਦਰ ਉਪਰੰਤ ਕੀਰਤਨ ਗੁਰਦਵਾਰਾ ਕੰਧ ਸਾਹਿਬ
੫ ਸਤੰਬਰ ਸਵੇਤੇ ੬ ਵਜੇ ਭੋਗ ਅਖੰਡਪਾਠ ਉਪਰੰਤ ਦੁਪਹਿਰ ੧੨ ਵਜੇ ਤਕ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ । ਸਮਾਪਤੀ ੬ ਸਤੰਬਰ ਸਵੇਰੇ ੬ ਵਜੇ । ਲੋੜ ਅਨੁਸਾਰ ਬਿਸਤਰੇ ਲੈ ਕੇ ਆਓ ਜੀ ।

**ਜ਼ਰੂਰੀ ਸੂਚਨਾ**—ਐਤਕੀ ਸਮਾਗਮ ਤੇ ਰਿਹਾਇਸ਼ ਅਸਥਾਨ ਗੁਰੂ ਨਾਨਕ ਖਾਲਸਾ ਕਾਲਜ (ਬਸ ਅੱਡੇ ਤੋਂ ਜਲੰਧਰ ਰੋਡ ਤੇ ੧ ਕਿਲੋਮੀਟਰ ਦੂਰ, ਕਾਦੀਆਂ ਵਾਲੀ ਚੁੰਗੀ ਲਾਗੇ । ਦਾਸਰੇ-ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

---

**ਮਾਸਕ ਰੈਣ ਸਬਾਈ ਗੁ: ਸ੍ਰੀ ਗੁਰੂ ਅੰਗਦ ਦੇਵ ਜੀ, ਜਨਕਪੁਰੀ,ਨੇੜੇ ਚੀਮਾ ਚੌਕ, ਲੁਧਿਆਣਾ, ੮ ਅਗਸਤ**

**ਸ਼ਾਹਪੁਰ ਕੰਡੀ ਟਾਊਨਸ਼ਿਪ, ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਰੈਣ ਸਬਾਈ ਕੀਰਤਨ ੨੨ ਅਗਸਤ**
ਪਠਾਨਕੋਟ ਸਿਵਲ ਹਸਪਤਾਲ ਲਾਗੋਂ ਹਰ ਵਕਤ ਸ਼ਾਹਪੁਰ ਕੰਡੀ ਲਈ ਬੱਸਾਂ ਟੈਂਪੂ ਮਿਲਦੇ ਹਨ ।

**ਜਲੰਧਰ,ਈ.ਐਚ.੧੩੪ ਬਸੰਤ ਨਿਵਾਸ, ਮਹੱਲਾ ਹਰਿਗੋਬਿੰਦਪੁਰਾ (ਨੇੜੇ ਲਾਇਲਪੁਰ ਖਾਲਸਾ ਕਾਲਜ)**
੯ ਸਤੰਬਰ ਭੋਗ ਸ੍ਰੀ ਅਖੰਡਪਾਠ ਦਿਨੇ ਦਸ ਵਜੇ, ਉਪਰੰਤ ਦੋ ਵਜੇ ਤਕ ਕੀਰਤਨ

**ਪੁਲ ਪੁਖ਼ਤਾ ਗੁ: ਪਾ: ੬ ਵਿਖੇ ਸਾਲਾਨਾ ਸਮਾਗਮ ੧੦ ਤੋਂ ੧੩ ਸਤੰਬਰ ਸਵੇਰ ਤਕ**

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਸਮਾਗਮ ਤੇ ਧਰਮ ਪਰਚਾਰ ਕੈਂਪ

(1) ਮਿਤੀ 8.8.92 ਰੈਣ ਸਬਾਈ ਕੀਰਤਨ, ਗੁਰਦਵਾਰਾ ਗੁਰੂ ਅਰਜਨ ਦੇਵ ਜੀ, 54-ਕਰਾਮਵੈਲ ਰੋਡ, ਡਰਬੀ
ਫੋਨ ਗੁਰਦਵਾਰਾ 0332-3?529 ਅਤੇ 0332-44641
ਹੋਰ ਜਾਣਕਾਰੀ ਭਾ: ਰਘਬੀਰ ਸਿੰਘ, ਬਹਾਦਰ ਸਿੰਘ, ਜਗਤਾਰ ਸਿੰਘ ਫ਼ੋਨ 0332-272143/765463

(2) ਮਿਤੀ [illegible].8 ਤੋਂ 15.8.92 ਧਰਮ ਪਰਚਾਰ ਕੈਂਪ—ਇਨਸਟੀਚਿਊਟ ਆਫ਼ ਹਾਇਰ ਐਜੂਕੇਸ਼ਨ ਕਾਰਡਿਫ ਵਿਖੇ
ਪੁਛ ਗਿਛ : ਡਾ: ਡਪਿੰਦਰ ਸਿੰਘ ਲੇਟਨ, ਭਾ: ਸਤਿੰਦਰ ਸਿੰਘ ਡਾ: ਦਵਿੰਦਰ ਸਿੰਘ ਸਾਊਥਾਲ
ਫੋਨ 081-539-4824, 081-574-1862

**ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ** (ਫ਼ੋਨ 0734-267900)
Bhai Gurnam Singh, 10-Lambourne Gardens, Earley, Reading BerK, U.K.

---

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫੋਨ ਪੀ. ਪੀ. 43045)

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org